# 52

# ਜ਼ਿੰਦਗੀ ਦਾ ਪਾਣੀ[1]

## ਯੂਹੰਨਾ 7:37-39, ਇਕ ਠੇਠ ਝਾਤ

ਐਵਰੈਸਟ ਪਹਾੜ ਦੁਨੀਆ ਦਾ ਸਭ ਤੋਂ ਉੱਚਾ ਪਹਾੜ ਹੈ। ਹਿਮਾਲਿਆ ਪਰਬਤਾਂ ਦੀ ਲੜੀ ਵਿਚ ਸਮੁੰਦਰ ਤਲ ਤੋਂ 29,028 ਫੁੱਟ[2] ਦੀ ਉੱਚਾਈ ਤੇ ਇਹ ਧਰਤੀ ਦੇ ਵਾਤਾਵਰਣ ਦਾ ਦੋ ਤਿਹਾਈ ਹੈ। 1920 ਦੇ ਸ਼ੁਰੂ ਤਕ ਇਸ ਦੀ ਚੋਟੀ ਤੇ ਪਹੁੰਚਣ ਦੀਆਂ ਕੋਸ਼ਿਸ਼ਾਂ ਹੋ ਚੁੱਕੀਆਂ ਸਨ। ਤੀਹ ਸਾਲਾਂ ਵਿਚ ਨੌਂ ਕੋਸ਼ਿਸ਼ਾਂ ਹੋਈਆਂ ਸਨ, ਜੋ ਨਾਕਾਮ ਰਹੀਆਂ ਸਨ। 1952 ਵਿਚ ਸਵਿਸ ਲੋਕਾਂ ਨੇ ਪਹਾੜਾਂ ਉੱਤੇ ਚੜ੍ਹਨ ਵਾਲੇ ਮਾਹਿਰਾਂ ਦੀ ਇਕ ਟੀਮ ਬਣਾਈ। ਕਈ ਮਹੀਨਿਆਂ ਦੀ ਤਿਆਰੀ ਦੇ ਬਾਅਦ ਉਨ੍ਹਾਂ ਨੇ ਯੋਜਨਾਬੱਧ ਢੰਗ ਨਾਲ ਐਵਰੇਸਟ ਤੇ ਚੜ੍ਹਣ ਦਾ ਕੰਮ ਕੀਤਾ, ਪਰ ਅਖੀਰ ਵਿਚ ਤਣਾਅ ਅਤੇ ਥਕਾਵਟ ਦੇ ਕਾਰਣ ਉਨ੍ਹਾਂ ਨੂੰ ਆਪਣੀ ਕੋਸ਼ਿਸ਼ ਵਿੱਚੇ ਹੀ ਛੱਡ ਦੇਣੀ ਪਈ।

ਅਗਲੇ ਸਾਲ ਬ੍ਰਿਟਿਸ਼ ਭਾਵ ਅੰਗ੍ਰੇਜ਼ਾਂ ਨੇ ਕਰਨਲ ਜੌਨ ਹੰਟ ਨਾਮਕ ਇਕ ਡਾਕਟਰ ਦੀ ਅਗਵਾਈ ਵਿਚ ਇਕ ਟੀਮ ਤਿਆਰ ਕੀਤੀ। ਇਸ ਡਾਕਟਰ ਨੇ ਸਵਿਸ ਲੋਕਾਂ ਦੀ ਕੋਸ਼ਿਸ਼ ਦਾ ਅਧਿਐਨ ਕਰਨ ਤੇ ਵੇਖਿਆ ਕਿ ਹਰ ਬੰਦੇ ਨੂੰ ਸਿਰਫ਼ ਦੋ ਗਿਲਾਸ ਪਾਣੀ ਹੀ ਮਿਲਿਆ ਸੀ। ਉਸ ਨੇ ਬਰਫ਼ ਪਿਘਲਾਉਣ ਵਾਲਾ ਆਲਾ ਨਾਲ ਲੈ ਲਿਆ, ਤਾਂ ਜੋ ਉਨ੍ਹਾਂ ਨੂੰ ਹਰ ਦਿਨ ਘੱਟੋ ਘੱਟ ਬਾਰਾਂ ਗਿਲਾਸ ਪਾਣੀ ਦੇ ਮਿਲ ਸਕੇ। 29 ਮਈ 1953 ਵਾਲੇ ਦਿਨ, ਦੁਨੀਆ ਦੇ ਸਭ ਤੋਂ ਉੱਚੇ ਪਹਾੜ ਦੀ ਚੋਟੀ ਤੇ ਆਪਣਾ ਝੰਡਾ ਫਹਿਰਾਉਣ ਵਾਲੀ ਇਹ ਪਹਿਲੀ ਮੁਹਿੰਮ ਬਣ ਗਈ।[3] ਕਾਫ਼ੀ ਪਾਣੀ ਦੀ ਲੋੜ ਪੂਰੀ ਕਰਨ ਦੇ ਕਾਰਣ ਇਹ ਸਭ ਸੰਭਵ ਹੋ ਸਕਿਆ।[4]

ਅੱਜ ਅਸੀਂ ਪਾਣੀ ਦੇ ਲਾਭਕਾਰੀ ਪ੍ਰਭਾਵਾਂ ਦੀ ਫੇਰ ਤੋਂ ਖੋਜ ਕਰ ਰਹੇ ਹਾਂ। ਅਮਰੀਕਾ ਵਿਚ ਬਹੁਤ ਚਾਹ ਅਤੇ ਕੋਕ ਪੀਣ ਵਾਲੀ ਸਾਡੀ ਪੀੜ੍ਹੀ ਨੂੰ ਦੱਸਿਆ ਜਾ ਰਿਹਾ ਹੈ ਕਿ ਸਾਨੂੰ ਵੱਧ ਤੋਂ ਵੱਧ ਪਾਣੀ ਪੀਣਾ ਚਾਹੀਦਾ ਹੈ। ਇਕ ਦਿਨ ਵਿਚ ਘੱਟੋ ਘੱਟ 8 ਤੋਂ 10 ਗਿਲਾਸ ਤਾਂ ਪੀਣੇ ਹੀ ਚਾਹੀਦੇ ਹਨ। ਡਾਕਟਰ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਸਾਡੀ ਸਿਹਤ ਇਸੇ ਤੇ ਨਿਰਭਰ ਹੈ।

ਜਿਸ ਤਰ੍ਹਾਂ ਸਾਡੇ ਸਰੀਰ ਲਈ ਭੌਤਿਕ ਪਾਣੀ ਜ਼ਰੂਰੀ ਹੈ, ਉਵੇਂ ਹੀ ਸਾਡੀਆਂ ਆਤਮਾਵਾਂ ਲਈ ਰੂਹਾਨੀ ਪਾਣੀ ਵੀ ਜ਼ਰੂਰੀ ਹੈ। ਬਾਈਬਲ ਦੇ ਸਾਡੇ ਪਾਠ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ:

> ਪਿਛਲੇ ਦਿਨ ਜਿਹੜਾ ਪਰਬ ਦਾ ਵੱਡਾ ਦਿਨ ਸੀ ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਭਈ ਜੋ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ। ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ! ਪਰ ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ ਕਿਉਂਕਿ ਆਤਮਾ ਅਜੇ ਦਿੱਤਾ ਨਾ ਗਿਆ ਸੀ ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਸੀ ਹੋਇਆ (ਯੂਹੰਨਾ 7:37–39)।

### ਸਦੀਆਂ ਪੁਰਾਣੀਆਂ ਰਸਮਾਂ ਨੂੰ ਮਸੀਹ ਦੀ ਰੁਕਾਵਟ

ਮਸੀਹ ਦੀਆਂ ਗੱਲਾਂ ਨੂੰ ਸਮਝਣ ਲਈ ਪਰਬ ਅਤੇ ਪਰਬ ਦੌਰਾਨ ਪਾਣੀ ਦੀਆਂ ਰਸਮਾਂ ਬਾਰੇ ਕੁਝ ਜਾਣਕਾਰੀ ਹੋਣੀ ਜ਼ਰੂਰੀ ਹੈ। ਇਸ ਪਰਬ ਨੂੰ *ਡੇਰਿਆਂ* ਜਾਂ ਝੋਪੜੀਆਂ ਦਾ ਪਰਬ ਆਖਿਆ ਜਾਂਦਾ

ਸੀ (ਯੂਹੰਨਾ 7:2), ਅਤੇ ਇਹ ਸਾਲ ਲਈ ਯਹੂਦੀਆਂ ਦਾ ਆਖ਼ਰੀ ਵੱਡਾ ਜਸ਼ਨ ਸੀ। ਵਕਤ ਦੇ ਪਹੀਏ ਨੂੰ ਪਿੱਛੇ ਘੁਮਾ ਕੇ ਜੇ ਤੁਸੀਂ ਪਿੱਛੇ ਜਾ ਕੇ ਯਹੂਦੀਆਂ ਦੇ ਕਿਸੇ ਪਰਬ ਵਿਚ ਜਾਓ, ਤਾਂ ਤੁਹਾਨੂੰ ਸਭ ਤੋਂ ਵੱਧ ਮਜ਼ਾ ਇਸੇ ਵਿਚ ਆਵੇਗਾ।

ਇਹ ਪਰਬ ਸਤੰਬਰ ਦੇ ਅਖ਼ੀਰ ਜਾਂ ਅਕਤੂਬਰ ਦੇ ਸ਼ੁਰੂ ਵਿਚ ਆਉਂਦਾ ਸੀ। ਇਹ ਯਹੂਦੀਆਂ ਦੇ ਤਿੰਨ ਵੱਡੇ ਪਰਬਾਂ ਵਿੱਚੋਂ ਇਕ ਸੀ,[5] ਜੋ ਇਕ ਅਜਿਹਾ ਸਮਾਂ ਸੀ ਜਿਸ ਵਿਚ ਯਹੂਦੀ ਲੋਕ ਯਰੂਸ਼ਲਮ ਵਿਚ ਆਉਂਦੇ ਸਨ। ਇਹ ਇਕ ਦਿਨ ਦਾ ਨਹੀਂ, ਬਲਕਿ ਸੱਤ ਦਿਨ ਚੱਲਣ ਵਾਲਾ ਤਿਓਹਾਰ ਹੁੰਦਾ ਸੀ। ਪ੍ਰਭੂ ਦੇ ਸਮੇਂ ਤਕ ਇਹ ਹੋਰ ਦਿਨ ਭਾਵ ਸੱਬਤ ਨੂੰ ਜੋੜਨ ਨਾਲ ਇਹ ਪਰਬ ਅੱਠ ਦਿਨ ਦਾ ਹੋ ਗਿਆ ਸੀ।

ਹੋਰ ਯਹੂਦੀ ਪਰਬਾਂ ਵਾਂਗ, ਲੋਕਾਂ ਲਈ ਇਸ ਪਰਬ ਦਾ ਵੀ ਮਹੱਤਵ ਸੀ। ਪਹਿਲਾਂ ਤਾਂ ਇਸ ਦਾ *ਇਤਿਹਾਸਿਕ* ਮਹੱਤਵ ਸੀ, ਜਿਸ ਵਿਚ ਇਸ ਨੂੰ ਉਸ ਵਕਤ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਸੀ, ਜਦ ਉਨ੍ਹਾਂ ਦੇ ਪੁਰਖੇ ਉਜਾੜ ਵਿਚ ਘੁੰਮਦੇ ਸਨ (ਲੇਵੀਆਂ ਦੀ ਪੋਥੀ 23:43)। ਪਰਬ ਦੇ ਦੌਰਾਨ ਯਹੂਦੀ ਲੋਕ ਸੰਘਣੇ ਦਰੱਖਤਾਂ ਦੀਆਂ ਝਾੜੀਆਂ ਅਤੇ ਖਜੂਰ ਦੇ ਪੱਤਿਆਂ ਵਿੱਚੋਂ ਆਪਣੇ ਹੱਥਾਂ ਨਾਲ ਬਣਾਏ ਆਰਜ਼ੀ ਢਾਂਚੇ ਭਾਵ ਡੇਰਿਆਂ ਵਿੱਚੋਂ ਬਾਹਰ ਰਹਿੰਦੇ ਸਨ (ਲੇਵੀਆਂ ਦੀ ਪੋਥੀ 23:40)।[6] ਇਹ ਢਾਂਚੇ ਹੈਕਲ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਅਤੇ ਯਰੂਸ਼ਲਮ ਦੇ ਆਲੇ ਦੁਆਲੇ ਦੀਆਂ ਪਹਾੜੀਆਂ ਦੀਆਂ ਗਲੀਆਂ ਵਿਚ ਅਤੇ ਛੱਤਾਂ ਤੇ ਹੁੰਦੇ ਸਨ। ਪਿਤਾ ਅਤੇ ਉਨ੍ਹਾਂ ਦੇ ਪੁੱਤਰ ਮਾਵਾਂ ਅਤੇ ਉਨ੍ਹਾਂ ਦੀਆਂ ਬੇਟੀਆਂ, ਦਾਦੇ ਦਾਦੀਆਂ ਅਤੇ ਨਾਨੇ ਨਾਨੀਆਂ ਸਭ ਇਨ੍ਹਾਂ ਤੰਬੂਆਂ ਵਿਚ ਰਹਿੰਦੇ ਸਨ। ਪੂਰਾ ਹਫ਼ਤਾ ਉਹ ਉੱਥੇ *ਸੌਂਦੇ*, ਖਾਂਦੇ, ਦੁਆ ਕਰਦੇ ਅਤੇ ਇਹ ਧਿਆਨ ਕਰਦੇ ਹੋਏ ਕਿ ਕਿਵੇਂ ਖ਼ੁਦਾ ਨੇ ਉਜਾੜ ਦੇ ਚਾਲੀ ਸਾਲਾਂ ਦੌਰਾਨ ਆਪਣੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ, ਵਚਨ ਦਾ ਅਧਿਐਨ ਕਰਦੇ ਸਨ।

ਇਹ ਪਰਬ ਅਤੀਤ ਵਿਚ ਖ਼ੁਦਾ ਵੱਲੋਂ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੀ ਨਹੀਂ ਬਲਕਿ ਵਰਤਮਾਨ ਵਿਚ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਮਨਾਇਆ ਜਾਂਦਾ ਸੀ। ਇਸ ਦੀ *ਜ਼ਰਾਇਤੀ* ਅਹਿਮੀਅਤ ਵੀ ਸੀਃ ਇਹ ਜੌਂ, ਕਣਕ, ਅੰਗੂਰ ਦੀਆਂ ਮੁੱਖ ਫ਼ਸਲਾਂ ਦੀ ਵਾਢੀ ਦੇ ਬਾਅਦ ਆਉਣ ਵਾਲਾ ਪਰਬ ਸੀ।[7] ਲੋਕ ਭਰਪੂਰ ਫ਼ਸਲ ਦੇਣ ਲਈ ਖ਼ੁਦਾ ਦਾ ਸ਼ੁਕਰ ਕਰਦੇ ਸਨ ਅਤੇ ਆਉਣ ਵਾਲੇ ਸਾਲ ਵਿਚ ਆਪਣੀ ਕਾਮਯਾਬੀ ਲਈ ਉਸ ਤੋਂ ਬਰਕਤ ਮੰਗਦੇ ਸਨ। ਦੁਨੀਆਂ ਦੇ ਸੱਤਰ ਦੇਸ਼ਾਂ ਲਈ ਸੱਤਰ ਬਲਦ ਕੁਰਬਾਨ ਕੀਤੇ ਜਾਂਦੇ ਸਨ। ਇਨ੍ਹਾਂ ਜਸ਼ਨਾਂ ਵਿਚ 446 ਯਾਜਕ ਭਾਗ ਲੈਂਦੇ ਸਨ ਅਤੇ ਐੱਨੇ ਹੀ ਲੇਵੀ ਹੁੰਦੇ ਸਨ। ਹੈਕਲ ਦੇ ਅਹਾਤਿਆਂ ਵਿਚ ਇੱਕੀ ਤੁਰ੍ਹੀਆਂ ਵਜਾਈਆਂ ਜਾਂਦੀਆਂ ਸਨ। ਔਰਤਾਂ ਦੇ ਅਹਾਤੇ ਵਿਚ ਇਕ ਵੱਡਾ ਸ਼ਾਨਦਾਰ *ਲਮਕੀਆਂ* ਹੁੰਦਾ ਸੀ, ਜਿਸ ਦੀ ਤੇਜ਼ ਰੌਸ਼ਨੀ ਨਾਲ ਹੈਕਲ ਦੇ ਆਲੇ ਦੁਆਲੇ ਦਾ ਇਲਾਕਾ ਜਗਮਗਾ ਉੱਠਦਾ ਸੀ।[8] ਰਾਤ ਨੂੰ ਲੋਕ ਰੌਸ਼ਨੀ ਵਿਚ ਨੱਚਦੇ ਸਨ। ਯਹੂਦੀ ਪਰਬ ਦੇ ਦਿਨਾਂ ਦਾ ਇਹ ਸਭ ਤੋਂ ਆਨੰਦ ਦੇਣ ਵਾਲਾ ਸਮਾਂ ਹੁੰਦਾ ਸੀ।[9]

ਹੁਣ ਇਸ ਪਰਬ ਦੇ ਮੁੱਖ ਕੰਮ ਭਾਵ ਹਰ ਰੋਜ਼ ਪਾਣੀ ਦੇ ਸੰਸਕਾਰ ਦੀ ਗੱਲ ਕਰੋ। ਰੋਜ਼ ਸਵੇਰੇ, ਚਿੱਟੇ ਕਪੜੇ ਪਾਈ ਯਾਜਕ ਹੈਕਲ ਤੋਂ ਲੈ ਕੇ, ਚਮਕਦਾਰ ਗੀਹੋਨ ਨਾਲ ਮਿਲਦੇ ਸ਼ੀਲੋਹ ਦੇ ਕੁੰਡ ਤਕ ਪਹਾੜੀ ਦੇ ਹੇਠ ਜਲੂਸ ਦੇ ਅੱਗੇ ਅੱਗੇ ਚੱਲਦੇ ਸਨ।[10] ਇਹ ਪੂਰੇ ਸ਼ਹਿਰ ਤਕ ਪਾਣੀ ਪਹੁੰਚਾਉਣ ਵਾਲਾ ਮੁੱਖ ਸੋਮਾ ਭਾਵ ਪੀਣ ਦੇ ਪਾਣੀ ਦਾ ਸੀ। ਕੁੰਡ ਤੇ ਪਹੁੰਚਕੇ ਯਾਜਕ ਸੋਨੇ ਦਾ ਘੜਾ ਕੁੰਡ ਵਿਚ ਡੋਬਦਾ ਅਤੇ ਉਸ ਨੂੰ ਪਾਣੀ ਨਾਲ ਭਰ ਲੈਂਦਾ ਸੀ। ਉਹਦੇ ਇਸ ਤਰ੍ਹਾਂ ਕਰਨ ਦੇ ਬਾਅਦ, ਲੋਕ ਪੁਕਾਰ ਉਠਦੇ ਸਨ, ''ਮੁਕਤੀ ਦੇ ਖੂਹਾਂ ਵਿੱਚੋਂ, ਅਸੀਂ ਖੁਸ਼ੀ ਨਾਲ ਪਾਣੀ ਕੱਢਦੇ ਹਾਂ'' (ਵੇਖੋ ਯਸਾਯਾਹ 12:3; KJV)।

ਫਿਰ ਯਾਜਕ ਉਹ ਘੜਾ ਆਪਣੇ ਸਿਰ ਤੇ ਰੱਖ ਕੇ ਵਾਪਸ ਹੈਕਲ ਵੱਲ ਨੂੰ ਜਲੂਸ ਦੇ ਅੱਗੇ ਅੱਗੇ ਚੱਲਦਾ ਸੀ। ਚੱਲਦੇ ਚੱਲਦੇ ਜ਼ਬੂਰ 113–118 ਵਿੱਚੋਂ ਇਹ ਗਾਉਂਦੇ ਹੋਏ ਕਿ ''ਹੇ ਯਹੋਵਾਹ,

ਬੇਨਤੀ ਹੈ, ਬਚਾ ਲੈ, ਹੇ ਯਹੋਵਾਹ, ਬੇਨਤੀ ਹੈ, ਨਿਹਾਲ ਕਰ!''; ''ਯਹੋਵਾਹ ਦਾ ਧੰਨਵਾਦ ਕਰੋ ਜੋ ਉਹ ਭਲਾ ਹੈ, ਉਹ ਦੀ ਦਇਆ ਜੋ ਸਦੀਪਕ ਹੈ!'' (ਜ਼ਬੂਰ 118:25, 29) ਉਹ ਖ਼ਤਮ ਕਰਦੇ ਸਨ। ਅੰਦਰਲੇ ਅਹਾਤੇ ਦੇ ਦੱਖਣ ਵਿਚ ਜਲ ਨਾਮਕ ਫ਼ਾਟਕ ਤੇ ਪਹੁੰਚ ਕੇ ਉਨ੍ਹਾਂ ਦਾ ਸੁਆਗਤ ਤਿੰਨ ਤੁਰ੍ਹੀਆਂ ਨਾਲ ਕੀਤਾ ਜਾਂਦਾ ਸੀ।

ਯਾਜਕ ਹੋਮਬਲੀ ਦੀ ਵੇਦੀ ਤਕ ਚੱਲ ਕੇ ਜਾਂਦਾ। ਹਜ਼ਾਰਾਂ ਲੋਕਾਂ ਵੱਲੋਂ ਖਜੂਰ ਦੇ ਪੱਤੇ ਅਤੇ ਦਰੱਖ਼ਤਾਂ ਦੀਆਂ ਟਹਿਣੀਆਂ ਹਿਲਾਉਂਦੇ ਹੋਏ ਉਹ ਘੜੇ ਨੂੰ ਉੱਚਾ ਚੁੱਕੀ ਰੱਖਦੇ। ਫਿਰ ਉਹ ਹੌਲੀ ਹੌਲੀ ਪਾਣੀ ਨੂੰ ਚਾਂਦੀ ਦੀ ਇਕ ਪੀਕ ਵਿਚ ਪਾ ਦਿੰਦੇ, ਜਿਸ ਵਿਚ ਹੋ ਕੇ ਇਹ ਜ਼ਮੀਨ ਵਿਚ ਬਹਿ ਜਾਂਦਾ। ਲੋਕ ਜੈ ਜੈਕਾਰ ਕਰਦੇ ਅਤੇ ਨਰਸਿੰਗੇ ਫੂਕਦੇ।[11]

ਇਹ ਉਜਾੜ ਵਿਚ ਖ਼ੁਦਾ ਵੱਲੋਂ ਪਾਣੀ ਮੁਹੱਈਆ ਕਰਵਾਏ ਜਾਂਣ ਦੀ ਯਾਦ ਵਿਚ ਮਨਾਇਆ ਜਾਂਦਾ ਸੀ, ਜਦ ਚੱਟਾਨ ਵਿਚੋਂ ਪਾਣੀ ਨਿਕਲ ਆਇਆ ਸੀ (ਕੂਚ 17;[12] ਗਿਣਤੀ 20; ਵੇਖੋ ਵਿਵਸਥਾਸਾਰ 8:15; ਜ਼ਬੂਰ 105:41)। ਇਹ ਦੇਸ਼ ਦੇ ਪਾਣੀ ਦੀਆਂ ਲੋੜਾ ਨੂੰ ਵੀ ਯਾਦ ਕਰਵਾਉਂਦਾ ਸੀ। ਇਸ ਇਲਾਕੇ ਵਿਚ ਮਈ ਤੋਂ ਅਕਤੂਬਰ ਤੱਕ ਵਰਖਾ ਹੁੰਦੀ ਵੀ ਸੀ ਤਾਂ ਉਹ ਬਹਤੁ ਘੱਟ ਸੀ। ਜੇ ਪਰਬ ਦੇ ਥੋੜ੍ਹੇ ਸਮੇਂ ਬਾਅਦ ਵਰਖਾ ਨਾ ਹੋਵੇ ਤਾਂ ਅਗਲੇ ਸਾਲ ਕੋਈ ਫ਼ਸਲ ਨਹੀਂ ਹੁੰਦੀ ਸੀ। ਹਰ ਤਰ੍ਹਾਂ ਇਹ ਪਰਬ ਅਤੀਤ ਵਿਚ ਖ਼ੁਦਾ ਦੀ ਸੁਰੱਖਿਆ ਲਈ ਧੰਨਵਾਦ ਅਤੇ ਭਵਿੱਖ ਦੇ ਲਈ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਰਜ਼ੀ ਸੀ। ਇਸ ਰੀਤ ਤੋਂ ਬੱਚੇ ਹੈਰਾਨ ਹੁੰਦੇ, ਔਰਤਾਂ ਦੇ ਮਨ ਖੁਸ਼ੀ ਨਾਲ ਭਰੇ ਹੁੰਦੇ ਅਤੇ ਬੁੱਢਿਆਂ ਵਿਚ ਜੋਸ਼ ਆ ਜਾਂਦਾ ਸੀ। ਇਹ ਇਕ ਵੇਖਣ ਯੋਗ ਦ੍ਰਿਸ਼ ਹੁੰਦਾ ਸੀ।

ਇਸ ਖੁਸ਼ੀਆਂ ਭਰੇ ਜਸ਼ਨ ਦੇ ਦਰਮਿਆਨ ਹੀ ਯਿਸੂ ਖੜਾ ਹੋਇਆ ਅਤੇ ਉੱਚੀ ਬੋਲ ਕੇ ਕਹਿਣ ਲੱਗਾ (ਆਇਤ 37)। ਇਹ ਸੱਚ ਹੈ ਕਿ ਉਹ ਖੜਾ ਹੋਇਆ, ਮਹੱਤਵਪੂਰਨ ਹੈ ਕਿਉਂਕਿ ਆਮ ਤੌਰ ਤੇ ਉਹ ਬੈਠ ਕੇ ਪੈਗ਼ਾਮ ਦਿੰਦਾ ਸੀ (ਵੇਖੋ ਯੂਹੰਨਾ 8:2)। ਇਹ ਸੱਚ ਹੈ ਕਿ ਉਹ ਉੱਚੀ ਬੋਲ ਕੇ ਕਹਿਣ ਲੱਗਾ ਹੋਰ ਵੀ ਧਿਆਨ ਦੇਣ ਯੋਗ ਹੈ, ਕਿਉਂਕਿ ਕਦੇ ਕਦੇ ਆਖਿਆ ਗਿਆ ਹੈ ਕਿ ਉਹ ਸਿਖਾਉਂਦੇ ਸਮੇਂ ਉੱਚੇ ਸ਼ਬਦ ਨਾਲ ਬੋਲਦਾ ਸੀ। ਤਾਂ ਵੀ ਸਭ ਤੋਂ ਮਹੱਤਵਪੂਰਨ ਗੱਲ ਉਸ ਦਾ ਪੈਗ਼ਾਮ ਸੀ: ''ਜੋ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ! ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ'' (7:37, 38)।

ਮਸੀਹ ਦਾ ਸ਼ਬਦ ਇਕ ਰੋਕ ਭਾਵ ਘਬਰਾਉਣ ਵਾਲੀ ਅਨੌਖੀ ਰੁਕਾਵਟ ਸੀ।[13] ਉਸ ਦੀ ਗੱਲ ਸਾਫ਼ ਅਤੇ ਬੇਧੜਕ ਪਹੁੰਚਾਉਣ ਵਾਲੀ ਸੀ। ਅਸਲ ਵਿਚ ਉਸ ਨੇ ਪੁਰਾਣੇ ਪਰਬ ਬਾਰੇ ਆਖਿਆ ਸੀ,[14] ''ਤੈਨੂੰ ਲਗਦਾ ਹੈ ਕਿ *ਇਸ ਵਿਚ ਜ਼ਿੰਦਗੀ ਹੈ?* ਨਹੀਂ, ਮੇਰੀ ਵੱਲ ਵੇਖੋ!'' ਉਹ ਲੋਕਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਜ਼ਿੰਦਗੀ ਪੁਰਾਣੀ ਰੀਤ ਜਾਂ ਪਰਖ ਵਿਚ ਨਹੀਂ ਬਲਕਿ ਉਸੇ ਵਿਚ ਹੈ।

ਪਹਿਲੀ ਸਦੀ ਦੇ ਲੋਕਾਂ ਨੂੰ ਇਸ ਪੈਗਾਮ ਦੀ ਲੋੜ ਸੀ; ਇੱਕੀਵੀਂ ਸਦੀ ਵਿਚ ਵੀ ਇਸ ਦੀ ਲੋੜ ਹੈ। ਜੇ ਅਸੀਂ ਚੌਕਸ ਨਹੀਂ ਹਾਂ, ਤਾਂ ਅਸੀਂ ਇਹ ਸੋਚਣ ਲੱਗ ਜਾਂਦੇ ਹਾਂ ਕਿ ਸਾਡੀ ਰੂਹਾਨੀ ਸ਼ਕਤੀ ਸਾਨੂੰ ਆਪਣੇ ਕੰਮ ਤੋਂ ਮਿਲਦੀ ਹੈ। ਬੰਦਗੀ ਵਿਚ ਰਵਾਇਤ ਤੋਂ ਥੋੜ੍ਹਾ ਉੱਤੇ ਹੋ ਸਕਦੀ ਹੈ,ਜਿਸ ਵਿਚ ਬਾਈਬਲਾਂ, ਰੀਤਾਂ ਦੀਆਂ ਕਿਤਾਬਾਂ, ਪ੍ਰਭੂ ਭੋਜ ਦੇ ਭਾਂਡੇ ਅਤੇ ਚੰਦੇ ਦੀਆਂ ਥੈਲੀਆਂ ਸਿਰਫ਼ ਹੋਣ।[15] ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਬੰਦਗੀ ਵਿਚ ਕੀਤਾ ਜਾਣ ਵਾਲਾ ਕੋਈ ਵੀ ਕੰਮ ਮਕਸਦ ਨੂੰ ਪਾਉਣ ਦਾ ਭਾਵ ਪ੍ਰਭੂ ਨਾਲ ਮੁਲਾਕਾਤ ਦਾ ਸਿਰਫ਼ ਸਾਧਨ ਹੈ। ਨਹੀਂ ਤਾਂ ਸਾਨੂੰ ਭਾਉਕਤਾ ਨਾਲ ਭਾਵ ਧਿਆਨ ਨਾਲ ਸੁਣਨ, ਗਾਉਣ ਖੜੇ ਹੋਣ, ਬੈਠਣ ਆਪਣੇ ਸਿਰ ਝੁਕਾਉਣ, ਸਿਰ ਉੱਤੇ ਚੁੱਕਣ ਵਰਗੇ ਕੰਮ ਕਰਨ ਦੇ ਥਾਂ ਵੀ ਭਵਨ ਵਿੱਚੋਂ ਰੂਹਾਨੀ ਪਿਆਸੇ ਹੀ ਨਿਕਲ ਸਕਦੇ ਹਾਂ। ਇਹ ਪਿਆਸ ਸਿਰਫ਼ ਤਦ ਹੀ ਬੁੱਝਦੀ ਹੈ। ਜਦ ਬੰਦਗੀ ਸਾਨੂੰ ਉਸ ''ਰੂਹਾਨੀ ਚੱਟਾਨ'' ਭਾਵ ਯਿਸੂ ਮਸੀਹ ਤਕ ਲਿਆਉਂਦੀ ਹੈ, ਜਿਸ ਵਿਚ ਜ਼ਿੰਦਗੀ ਦਾ ਪਾਣੀ ਨਿਕਲਦਾ ਹੈ (1 ਕੁਰਿੰਥੀਆਂ 10:4)।

ਸਾਨੂੰ ਸਭ ਨੂੰ ਯੂਹੰਨਾ 7:37–39 ਦੇ ਸੰਦੇਸ਼ ਦੀ ਲੋੜ ਹੈ। ਆਓ ਪਹਿਲਾ ਅਸੀਂ ਯਿਸੂ ਦੇ ਵਾਅਦਿਆਂ ਤੇ ਧਿਆਨ ਦੇਈਏ। ਫਿਰ ਉਨ੍ਹਾਂ ਵਾਅਦਿਆਂ ਨੂੰ ਪਾਉਣ ਲਈ ਜ਼ਰੂਰੀ ਸ਼ਰਤਾਂ ਤੇ ਧਿਆਨ ਦੇਵਾਂਗੇ।

**ਪਾਣੀ ਦੀਆਂ ਨਦੀਆਂ ਵਹਿਣ ਲਈ ਮਸੀਹ ਦਾ ਵਾਅਦਾ**

ਪਿਆਸੇ ਨੂੰ ਆਪਣੇ ਕੋਲ ਆਉਣ ਦੀ ਬੇਨਤੀ ਕਰਨ ਦੇ ਬਾਅਦ ਮਸੀਹ ਨੇ ਐਲਾਨ ਕੀਤਾ, ''ਜੇ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ'' (ਆਇਤ 38)। ਅਸੀਂ ਨਹੀਂ ਜਾਣਦੇ ਕਿ ਉਸ ਦੇ ਧਿਆਨ ਵਿਚ ਕਿਹੜਾ ਵਚਨ ਸੀ। ਪੁਰਾਣੇ ਨੇਮ ਵਿਚ ਇਨ੍ਹਾਂ ਸ਼ਬਦਾਂ ਵਾਲੀ ਕੋਈ ਖ਼ਾਸ ਆਇਤ ਨਹੀਂ ਹੈ, ਪਰ ਪੁਰਾਣੇ ਨੇਮ ਦੀਆਂ ਆਇਤਾਂ ਵਿਚ ਜਿਸ ਵਿਚ ਯਸਾਯਾਹ 44:3; 55:1; ਹਿਜ਼ਕੀਏਲ 47:1–11; ਅਤੇ ਜ਼ਕਰਯਾਹ 13:1; 14:8 ਸ਼ਾਮਿਲ ਹੈ, ਇਹ ਵਿਚਾਰ ਮਿਲਦਾ ਹੈ। ਇਸ ਆਇਤ ਦੀ ਇਕ ਹੋਰ ਚੁਣੌਤੀ ਇਹ ਹੈ ਕਿ 37 ਅਤੇ 38 ਆਇਤਾਂ ਵਿਚ ਯੂਨਾਨੀ ਅਤੇ ਅੰਗ੍ਰੇਜ਼ੀ ਦੋਵੇਂ ਭਾਸ਼ਾਵਾਂ ਵਿਚ ਅਸਪੱਸ਼ਟ ਹਨ। ਕਿੰਗ ਜੇਮਸ ਅਤੇ ਨਿਊ ਅਮੈਰੀਕਨ ਸਟੈਂਡਰਡ ਬਾਈਬਲ ਦੇ ਅਨੁਵਾਦਾਂ ਅਤੇ ਕਈ ਹੋਰ ਅਨੁਵਾਦਾਂ ਵਿਚ,[16] ''ਉਸ ਦੇ ਮਨ ਵਿੱਚੋਂ'' ਵਿਸ਼ਵਾਸ ਲਈ ਹੈ; ਪਰ ਵਾਕ ਵਿਚ ਥੋੜ੍ਹਾ ਫ਼ਰਕ ਕਰਨ ਤੇ ਇਸ ਦਾ ਮਤਲਬ ਜ਼ਿੰਦਗੀ ਦੇ ਪਾਣੀ ਦੇ ਸਰੋਤ ਦੇ ਤੌਰ ਤੇ ਯਿਸੂ ਹੀ ਮਿਲਦਾ ਹੈ: ''ਜੇ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਏ ਅਤੇ ਪੀਵੇ। ਜੇ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵੱਗਣਗੀਆਂ। ਪਰ ਉਹਨੇ ਇਹ ਗੱਲ ਆਤਮਾ ਦੇ ਬਾਰੇ ਆਖੀ, ...''[17] ਪਰ ਅਜਿਹੇ ਵਰਨਣ ਜ਼ਿਆਦਾ ਮਹੱਤਵਪੂਰਨ ਨਹੀਂ ਹਨ। ਪ੍ਰਭੂ ਦੀ ਮੁੱਖ ਗੱਲ ਤਾ ਸਾਫ਼ ਹੈ। *ਉਸ ਦੇ* ਕੋਲ ਆਉਣ ਵਾਲੇ ਹੀ ਰੂਹਾਨੀ ਤਾਜ਼ਗੀ ਪਾਉਣਗੇ:

(1) ਯਿਸੂ ਨੇ *ਜਲ* ਭਾਵ ਰੂਹਾਨੀ ਪਾਣੀ ਦੇਣ ਦਾ ਵਾਅਦਾ ਕੀਤਾ ਹੈ। ਇਸ ਪੇਸ਼ਕਸ਼ ਦੇ ਸ਼ੁਰੂ ਵਿਚ ਅਸੀਂ ਧਿਆਨ ਦਿੱਤਾ ਸੀ ਕਿ ਲੋਕ ਖਾਣੇ ਵਿਚ ਪਾਣੀ ਦੇ ਮਹੱਤਵ ਦੀ ਖੋਜ ਕਰ ਰਹੇ ਸਨ। ਹਾਰਵਰਡ ਦੇ ਫ਼ਿਜ਼ਿਓਲੋਜਿਸਟ (ਸਰੀਰਕ ਵਿਗਿਆਨੀ) ਡਾਕਟਰ ਜੀ. ਸੀ. ਪਿੱਟਸ[18] ਨੇ ਪਾਣੀ ਅਤੇ ਸਰੀਰਕ ਸਹਿਣਸ਼ੀਲਤਾ ਵਿਚ ਸਬੰਧ ਤੇ ਇਕ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਸਾਢੇ ਤਿੰਨ ਮੀਲ ਫ਼ੀ ਘੰਟੇ ਦੀ ਰਫ਼ਤਾਰ ਨਾਲ ਚੱਲਣ ਵਾਲੀ ਪੈਰਾਂ ਨਾਲ ਚਲਾਉਣ ਵਾਲੀ ਚੱਕੀ[19] ਤੇ ਆਦਮੀ ਖਿਡਾਰੀਆਂ ਨੂੰ ਚਲਾਵੇ। ਉਨ੍ਹਾਂ ਨੂੰ ਤਦ ਤਕ ਚੱਲਦੇ ਰਹਿਣ ਲਈ ਆਖਿਆ ਗਿਆ, ਜਦ ਤਕ ਉਹ ਥੱਕ ਕੇ ਚੂਰ ਨਾ ਹੋ ਜਾਣ। ਉਹ ਸਾਢੇ ਤਿੰਨ ਘੰਟੇ ਹੀ ਚੱਲ ਪਾਏ। ਇਸ ਟੈਸਟ ਦੇ ਦੌਰਾਨ ਇਕ ਦੂਜੇ ਗਰੁੱਪ ਰਾਹੀਂ ਉਨ੍ਹਾਂ ਦੇ ਸਰੀਰਾਂ ਵਿਚ ਪਾਣੀ ਦੇ ਪੱਧਰ ਤੇ ਨਜ਼ਰ ਰੱਖੀ ਗਈ। ਇਨ੍ਹਾਂ ਖਿਡਾਰੀਆਂ ਨੂੰ ਉਸ ਪੱਥਰ ਨੂੰ ਬਣਾਏ ਰੱਖਣ ਲਈ ਲੋੜੀਂਦਾ ਪਾਣੀ ਦਿੱਤਾ ਗਿਆ। ਹਰ ਪੰਦਰਾਂ ਮਿੰਟ ਬਾਅਦ ਉਨ੍ਹਾਂ ਨੂੰ ਇਕ ਗਿਲਾਸ ਪਾਣੀ ਦਿੱਤਾ ਗਿਆ। ਦੂਜਾ ਟੈਸਟ ਐਲਾਨ ਘੰਟਿਆਂ ਬਾਅਦ ਬੰਦ ਕਰ ਦਿੱਤਾ ਗਿਆ, ਇਸ ਵਿਚ ਵੇਖਿਆ ਗਿਆ ਸੀ ਕਿ ਭਾਗ ਲੈਣ ਵਾਲਿਆਂ ਵਿਚ ਥਕਾਵਟ ਦਾ ਕੋਈ ਨਿਸ਼ਾਨ ਨਹੀਂ ਮਿਲਿਆ। ਉਨ੍ਹਾਂ ਨੇ ਆਖਿਆ ਕਿ ਉਹ ਤਦ ਤਕ ਚੱਲ ਸਕਦੇ ਸਨ, ਜਦ ਤਕ ਡਾਕਟਰ ਚਾਹੁਣ।

ਪਾਣੀ ਅਤੇ ਸਰੀਰਿਕ ਥਕਾਵਟ ਦੇ ਸਬੰਧ ਦੀ ਰੂਹਾਨੀ ਪ੍ਰਸੰਗਤਾ ਹੈ। ਬਹੁਤ ਸਾਰੇ ਲੋਕ ਜ਼ਿੰਦਗੀ ਦੀ ਪੈਰ ਨਾਲ ਚੱਲਣ ਵਾਲੀ ਚੱਕੀ ਨੂੰ ਰੂਹਾਨੀ ਨਵੇਂਪਨ ਦੇ ਸਾਲਾਂ ਤੇ ਘਸੀਟਦੇ ਜਾ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਜ਼ਰੂਰੀ ਹੈ ਕਿ *ਮਸੀਹ* ਰੂਹਾਨੀ ਪਾਣੀ ਦਾ ਸਰੋਤ ਹੈ, ਜਿਸ ਨੂੰ ਪਾ ਕੇ ਅੱਗੇ ਵੱਧ ਸਕਦੇ ਹਾਂ।

(2) ਯਿਸੂ ਨੇ *ਜ਼ਿੰਦਗੀ ਦਾ* ਪਾਣੀ ਦੇਣ ਦਾ ਵਾਅਦਾ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ''ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ'' (ਯੂਹੰਨਾ 7:38)।[20] ਇਸ ਤੋਂ ਪਹਿਲਾਂ, ਸਾਮਰੀਆ ਦੇ ਖੂਹ ਤੇ ਔਰਤ ਨੂੰ ਉਹਨੇ ਦੱਸਿਆ ਸੀ, ''ਜੇ ਤੂੰ ਖ਼ੁਦਾ ਦੀ ਬਖ਼ਸ਼ਿਸ਼ ਨੂੰ ਜਾਣਦੀ ਅਤੇ

ਇਹ ਕਿ ਉਹ ਕੌਣ ਹੈ ਜੋ ਤੈਨੂੰ ਆਖਦਾ ਹੈ ਭਈ ਮੈਨੂੰ ਜਲ ਪਿਆ ਤਾਂ ਤੂੰ ਉਸ ਕੋਲੋਂ ਮੰਗਦੀ ਅਤੇ ਉਹ ਤੈਨੂੰ ਅੰਮ੍ਰਿਤ ਜਲ ਦਿੰਦਾ'' (ਯੂਹੰਨਾ 4:10)। ਜ਼ਿੰਦਗੀ ਦਾ ਪਾਣੀ ਜ਼ਿੰਦਗੀ ਦਾ ਸਾਰ ਹੈ; ਭਾਵ ਇਹ ਉਹ ਹੈ, ਜਿਸ ਨਾਲ ਆਤਮਾ ਤ੍ਰਿਪਤ ਹੁੰਦੀ ਹੈ। ਮਸੀਹ ਨੇ ਸਾਮਰੀ ਔਰਤ ਨੂੰ ਦੱਸਿਆ ਸੀ, ''ਪਰ ਜੋ ਕੋਈ ਮੇਰਾ ਦਿੱਤਾ ਹੋਇਆ ਜਲ ਪੀਏਗਾ ਸੋ ਸਦੀਪਕਾਲ ਤੀਕੁ ਕਦੇ ਤਿਹਾਇਆ ਨਾ ਹੋਵੇਗਾ ਬਲਕਿ ਉਹ ਜਲ ਜੋ ਮੈਂ ਉਹ ਨੂੰ ਦਿਆਂਗਾ ਉਹ ਦੇ ਵਿਚ ਜਲ ਦਾ ਇਕ ਸੋਮਾਂ ਬਣ ਜਾਵੇਗਾ ਜੋ ਅਨੰਤ ਜ਼ਿੰਦਗੀ ਤੀਕੁਰ ਉੱਛਲਦਾ ਰਹੇਗਾ'' (ਯੂਹੰਨਾ 4:14)। ਜ਼ਿੰਦਗੀ ਦਾ ਪਾਣੀ ਸੁਰਗ ਦੇ ਆਨੰਦ ਦਾ ਪਹਿਲਾਂ ਤੋਂ ਸੁਆਦ ਹੈ (ਪ੍ਰਕਾਸ਼ ਦੀ ਪੋਥੀ 7:17; 21:6; 22:1, 17)।

(3) ਯਿਸੂ ਨੇ ਜ਼ਿੰਦਗੀ ਦੇ ਜਲ ਦੀਆਂ *ਨਦੀਆਂ* ਦਾ ਵਾਅਦਾ ਕੀਤਾ ਹੈ। ਇਸ ਵਾਅਦੇ ਨੂੰ ਫਿਰ ਤੋਂ ਵੇਖਿਆ: ''ਅੰਮ੍ਰਿਤ ਜਲ ਦੀਆਂ *ਨਦੀਆਂ* ਉਹ ਦੇ ਅੰਦਰੋਂ ਵਗਣਗੀਆਂ'' (ਯੂਹੰਨਾ 7:38)। ਜ਼ੋਰ ਉਸ ਦੇ ਰੂਹਾਨੀ ਪ੍ਰਬੰਧਾਂ ਦੀ ਭਰਪੂਰੀ ਤੇ ਦਿੱਤਾ ਗਿਆ ਹੈ। ਕਿਸੇ ਨੇ ਧਿਆਨ ਦਿੱਤਾ ਹੈ ਕਿ ''ਪਾਣੀ ਦੇ ਖੂਹ'' ਦੀ ਸਾਮਰੀ ਔਰਤ ਨਾਲ ਕੀਤਾ ਗਿਆ ਵਾਅਦਾ ਹੁਣ ''ਜਲ ਦੀਆਂ ਨਦੀਆਂ'' ਵਿਚ ਬਦਲ ਗਿਆ ਹੈ।

ਸਮੁੰਦਰੀ ਤਲ ਤੋਂ 17,000 ਫੁੱਟ ਉੱਤੇ ਅੰਦੇਸ ਪਹਾੜਾਂ ਦੀ ਲੜੀ ਵਿਚ ਮੁਸ਼ਕਿਲ ਨਾਲ ਇਕ ਫੁੱਟ ਚੌੜਾ ਇਕ ਛੋਟਾ ਜਿਹਾ ਝਰਨਾ ਸ਼ੁਰੂ ਹੁੰਦਾ ਹੈ। ਚਾਰ ਹਜ਼ਾਰ ਮੀਲ ਦੂਰ ਜਾ ਕੇ ਇਹ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਨਦੀ ਅਮੇਜ਼ੋਨ ਵਿਚ ਡਿੱਗਦਾ ਹੈ। ਅਮੇਜ਼ੋਨ ਤੋਂ 75 ਲੱਖ ਕਿਊਬਿਕ ਫੁੱਟ ਪ੍ਰਤੀ ਸੈਕੰਡ ਦੀ ਦਰ ਤੋਂ ਇਹ ਅਟਲਾਂਟਿਕ ਮਹਾਂਸਾਗਰ ਵਿਚ ਡਿੱਗਦਾ ਹੈ। ਜੇ ਉਸ ਪਾਣੀ ਤੇ ਬੰਨ੍ਹ ਬਣ ਜਾਵੇ ਤਾਂ ਉਸ ਦੇ ਇਕ ਦਿਨ ਦੇ ਵਹਾਅ ਨਾਲ ਨਿਊ-ਯਾਰਕ ਸ਼ਹਿਰ ਦੀਆਂ ਨੌਂ ਸਾਲ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ।[21] ਪਾਣੀ ਐੱਨੇ ਜ਼ੋਰ ਨਾਲ ਨਿੱਕਲਦਾ ਹੈ ਕਿ ਸਮੁੰਦਰ ਤਕ ਸੱਠ ਮੀਲ ਚੱਲ ਕੇ ਵੀ ਇਹ ਤਾਜ਼ਾ ਰਹਿੰਦਾ ਹੈ। ਉਸ ਛੋਟੇ ਜਿਹੇ ਨਾਲੇ ਤੇ ਧਿਆਨ ਦਿਓ, ਜੋ ਐੱਨੀ ਵੱਡੀ ਨਦੀ ਬਣ ਜਾਂਦਾ ਹੈ। ਫਿਰ ਮਸੀਹੀਅਤ ਦੀ ਛੋਟੇ ਜਿਹੀ ਸ਼ੁਰੂਆਤ ਤੇ ਵਿਚਾਰ ਕਰੋ, ਜੋ ਬਰਕਤ ਦੀਆਂ ਐਨੀਆਂ ਜ਼ਬਰਦਸਤ ਨਦੀਆਂ ਬਣ ਕੇ ਦੁਨੀਆ ਭਰ ਵਿਚ ਫੈਲ ਗਈ ਹੈ।[22]

ਫਿਰ ਮੈਂ ਆਖਦਾ ਹਾਂ ਕਿ ''ਨਦੀਆਂ'' ਸ਼ਬਦ ਮਸੀਹ ਵੱਲੋਂ ਪੇਸ਼ ਕੀਤੀਆਂ ਗਈਆਂ ਬਰਕਤਾਂ ਦੀ *ਭਰਪੂਰੀ* ਨੂੰ ਵਿਖਾਉਂਦਾ ਹੈ। ਉਸ ਨੇ ਆਖਿਆ ਹੈ ਕਿ ਉਹ ''ਮੈਂ ਇਸ ਲਈ ਆਇਆ ਕਿ ਉਨ੍ਹਾਂ *[ਲੋਕਾਂ]* ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ'' (ਯੂਹੰਨਾ 10:10)।

ਯੂਹੰਨਾ ਮੁਤਾਬਿਕ, ਯਿਸੂ ਦੇ ਮਨ ਵਿਚ ਪ੍ਰਭੂ ਰਾਹੀਂ ਦਿੱਤੀ ਜਾਣ ਵਾਲੀ ਇਕ ਖ਼ਾਸ ਬਰਕਤ ਸੀ: ਪਵਿੱਤਰ ਆਤਮਾ ਦਾ ਦਾਨ। ਮਸੀਹ ਨੂੰ ਇਹ ਆਖ ਕੇ ਵਿਖਾਉਣ ਦੇ ਬਾਅਦ ਕਿ ''ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ'' (ਯੂਹੰਨਾ 7:38), ਰਸੂਲ ਨੇ ਖ਼ੁਦਾ ਦੀ ਪ੍ਰੇਰਣਾ ਨਾਲ ਇਹ ਵਿਆਖਿਆ ਜੋੜ ਦਿੱਤੀ: ''ਪਰ ਉਹ ਨੇ ਇਹ ਗੱਲਾਂ ਆਤਮਾ ਦੇ ਵਿਖੇ ਆਖੀਆਂ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ[23] ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ ਕਿਉਂਕਿ ਆਤਮਾ ਅਜੇ ਦਿੱਤਾ ਨਾ ਗਿਆ ਸੀ ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਸੀ ਹੋਇਆ'' (ਆਇਤ 39)।

''ਆਤਮਾ ਅਜੇ ਦਿੱਤਾ ਨਾ ਗਿਆ ਸੀ'' ਵਾਕ ਦੀ ਵਿਆਖਿਆ ਕਰਨੀ ਜ਼ਰੂਰੀ ਹੈ, ਕਿਉਂਕਿ ਯਿਸੂ ਦੀ ਵੱਲ ਉਸ ਨਾਲ ਕੰਮ ਕਰਨ ਵਾਲਿਆਂ ਦੀ ਸੇਵਕਾਈ ਵਿਚ ਪਵਿੱਤਰ ਆਤਮਾ ਐਕਟਿਵ ਨਹੀਂ ਸੀ (ਮੱਤੀ 1:18, 20; 3:16; 4:1; 12:18, 28; ਲੂਕਾ 1:15, 41, 67; 2:25-27; 4:1, 18; 10:21) ਮਸੀਹ ਦੇ ਉੱਪਰ ਉਠਾਏ ਜਾਣ ਭਾਵ ਖ਼ੁਦਾ ਦੇ ਸੱਜੇ ਹੱਥ ''ਮਹਿਮਾ ਪਾਉਣ'' (ਰਸੂਲਾਂ ਦੇ ਕੰਮ 2:33; ਰੋਮੀਆਂ 8:34; ਅਫ਼ਸੀਆਂ 1:20; ਕੁਲੁੱਸੀਆਂ 3:1; ਇਬਰਾਨੀਆਂ 1:3, 13; 10:12; 12:2; 1 ਪਤਰਸ 3:22) ਦੇ ਬਾਅਦ ਪਵਿੱਤਰ ਆਤਮਾ ਦੇ ਭੇਜਣ ਦੀ ਗੱਲ ਕਰ ਰਿਹਾ ਸੀ (ਯੂਹੰਨਾ 14:26; 15:26; 16:13)। ਉਹ ਖ਼ਾਸ ਮੌਕਾ ਛੇਤੀ ਹੀ ਆਉਣ

ਵਾਲਾ ਸੀ।[24]

ਯੂਹੰਨਾ 7:39 ਦੀ ਸਭ ਤੋਂ ਚੰਗੀ ਵਿਆਖਿਆ ਰਸੂਲਾ ਦੇ ਕੰਮ 1 ਅਤੇ 2 ਅਧਿਆਇ ਹਨ। ਜੀ ਉੱਠਣ ਦੇ ਬਾਅਦ ਯਿਸੂ ਨੇ ਆਪਣੇ ਰਸੂਲਾਂ ਨੂੰ ਦੱਸਿਆ ਕਿ ''... ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ'' (ਰਸੂਲਾਂ ਦੇ ਕੰਮ 1:8)। ਮਸੀਹ ਦੇ ਸੁਰਗ ਵਿਚ ਉਠਾਏ ਜਾਣ ਦੇ ਦਸ ਦਿਨਾਂ ਬਾਅਦ ਯਹੂਦੀਆਂ ਦੇ ਪਿੰਤੇਕੁਸਤ ਵਾਲੇ ਦਿਨ ਬਾਰਾਂ ਦੇ ਬਾਰਾਂ ''ਪਵਿੱਤਰ ਆਤਮਾ ਨਾਲ ਭਰ ਗਏ'' (ਰਸੂਲਾਂ ਦੇ ਕੰਮ 2:1–4)। ਬਾਅਦ ਵਿਚ ਪਤਰਸ ਨੇ ਇਸ ਨੂੰ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਤੌਰ ਤੇ ਮੰਨਿਆ (ਰਸੂਲਾਂ ਦੇ ਕੰਮ 11:15, 16)। ਫਿਰ ਪਿੰਤੇਕੁਸਤ ਦੇ ਦਿਨ, ਪਤਰਸ ਨੇ ਉੱਥੇ ਮੌਜੂਦ ਲੋਕਾਂ ਨੂੰ ਆਖਿਆ, ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕੰਮ 2:38)।

ਰਸੂਲਾਂ ਨੂੰ ਮਿਲਿਆ ਆਤਮਾ ਦਾ ਦਾਨ ਚਮਤਕਾਰੀ ਸੀ, ਜਦ ਕਿ ਬਪਤਿਸਮਾ ਲੈਣ ਵਾਲੇ ਸਭ ਲੋਕਾਂ ਨੂੰ ਮਿਲਿਆ ਦਾਨ ਗ਼ੈਰ ਚਮਤਕਾਰੀ ਸੀ (ਅਤੇ ਹੈ)। ਇਹ ਦਾਨ ਪ੍ਰਭੂ ਦੀ ਆਗਿਆ ਮੰਨਣ ਵਾਲੇ ਸਾਰਿਆਂ ਨੂੰ ਦਿੱਤਾ ਜਾਂਦਾ ਹੈ (ਰਸੂਲਾਂ ਦੇ ਕੰਮ 5:32), ਜੋ ਉਸ ਦੇ ਬੇਟੇ ਅਤੇ ਬੇਟੀਆਂ ਹਨ (ਗਲਾਤੀਆਂ 4:6; ਅਫ਼ਸੀਆਂ 1:13, 14)। ਇਸ ਆਪਣੇ ਬੱਚਿਆਂ ਨੂੰ ਮਜ਼ਬੂਤ ਕਰਨ ਲਈ ਖ਼ੁਦਾ ਦੀ ਮੌਜੂਦਗੀ ਵਿਚ ਦਿੱਤਾ ਗਿਆ ਦਾਨ ਹੈ। ਰੋਮੀਆਂ 8 ਅਧਿਆਇ ਕੁਝ ਖ਼ਾਸ ਗੱਲਾਂ ਦੱਸਦਾ ਹੈ (ਆਇਤ 13); ਉਹ ਸਾਡੀ ਨਿਰਬਲਤਾਈ ਵਿਚ ਸਾਡੀ ਮਦਦ ਕਰਦਾ ਹੈ (ਆਇਤ 26); ਉਹ ਦੁਆ ਕਰਨ ਵਿਚ ਸਾਡੀ ਮਦਦ ਕਰਦਾ ਹੈ (ਆਇਤ 26)।[25] ਯੂਹੰਨਾ 7:38, 39, ਦੀ ਆਗਿਆ ਦਾ ਇਕ ਪਰਿਪੱਕ ਰਸੂਲਾਂ ਦੇ ਕੰਮ 3:19 ਦੇ ਸ਼ਬਦਾਂ ਵਿਚ ਸੰਕੇਤ ਕੀਤੇ ਗਏ ਹਰ ਮਸੀਹੀ ਲਈ ਆਤਮਾ ਦਾ ਸਹੀ ਵਰਣਨ ਸ਼ਾਇਦ ਇਹ ਹੈ ਕਿ ਉਹ ਸਾਨੂੰ ''ਪ੍ਰਭੂ ਦੇ ਸਾਹਮਣੇ ਦੇ ਦਿਨ'' ਦਿੰਦਾ ਹੈ।[26]

ਯੂਹੰਨਾ 7:39 ਵਿਚ ਵਾਪਸ ਆਇਆ ਮੁੱਖ ਸ਼ਬਦ ''ਵਿਸ਼ਵਾਸ ਕਰਨ ਵਾਲੇ'' ਹਨ: ''ਪਰ ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਈ ਸੀ ਉਸ ਉੱਤੇ *ਵਿਸ਼ਵਾਸ* ਕੀਤਾ। ...'' ਉਨ੍ਹਾਂ ਰਸੂਲਾਂ ਨੂੰ ਜਿਨ੍ਹਾਂ ਮਸੀਹ ਉੱਤੇ ਵਿਸ਼ਵਾਸ ਕੀਤਾ ਸੀ, ਆਤਮਾ ਦਾ ਬਪਤਿਸਮਾ ਮਿਲਦਾ ਸੀ ਉਨ੍ਹਾਂ ਦੇ ਪ੍ਰਚਾਰ ਦੇ ਰਾਹੀਂ ਯਿਸੂ ਉੱਤੇ ਵਿਸ਼ਵਾਸ ਕਰਨ ਵਾਲਿਆਂ ਨੂੰ ਦਾਨ ਦੇ ਤੌਰ ਤੇ ਪਵਿੱਤਰ ਆਤਮਾ ਮਿਲਣਾ ਸੀ (ਰਸੂਲਾਂ ਦੇ ਕੰਮ 2:36–38)। ਪਰ ਪ੍ਰਭੂ ਦਾ ਵਿਰੋਧ ਕਰਨ ਵਾਲਿਆਂ ਭਾਵ ਜਿਨ੍ਹਾਂ ਨੇ ਉਸ ਉੱਤੇ ਵਿਸ਼ਵਾਸ ਨਹੀਂ ਕੀਤਾ ਇਸ ਵਾਅਦੇ ਵਿਚ ਕੋਈ ਭਾਗ ਨਹੀਂ ਸੀ।

## ਆਪਣੇ ਤਿਹਾਇਆਂ ਲਈ ਮਸੀਹ ਦੀਆਂ ਸ਼ਰਤਾਂ

ਅਸੀਂ ਯੂਹੰਨਾ 7:37–39, ਦੇ ਵਾਅਦਿਆਂ ਤੇ ਹੋਰ ਗੱਲ ਕਰ ਸਕਦੇ ਸੀ,[27] ਪਰ ਹੁਣ ਇਹ ਵੇਖਣ ਦਾ ਸਮਾਂ ਹੈ ਕਿ ਇਨ੍ਹਾਂ ਵਾਅਦਿਆਂ ਨੂੰ ਪਾਉਣ ਲਈ ਕੀ ਕਰਨਾ ਜ਼ੂਰੀ ਹੈ। ਸਾਡੇ ਲਈ *ਇਨ੍ਹਾਂ ਨੂੰ ਮੰਨਣਾ, ਕਬੂਲ ਕਰਨਾ* ਅਤੇ ਕੰਮ ਕਰਨਾ ਜ਼ਰੂਰੀ ਹੈ।

(1) ਸਾਡੇ ਲਈ ਆਪਣੀ ਲੋੜਾਂ ਨੂੰ ਮੰਨਣਾ ਜ਼ਰੂਰੀ ਹੈ। ਯਿਸੂ ਨੇ ਇਹ ਆਖਦੇ ਹੋਏ ਪੈਗ਼ਾਮ ਸ਼ੁਰੂ ਕੀਤਾ ਕਿ *''ਜੇ ਕੋਈ*[28] *ਤਿਹਾਇਆ ਹੋਵੇ* ਤਾਂ ਮੇਰੇ ਕੋਲ ਆਵੇ ... '' (ਯੂਹੰਨਾ 7:37;)। ਪਿਆਸ ਉਸ ਦੇ ਸੁਣਨ ਵਾਲਿਆਂ ਲਈ ਸਮਝਣ ਲਈ ਇਕ ਚਿੱਤਰਣ ਸੀ। ਸਾਡੇ ਵਿੱਚੋਂ ਵਧੇਰੇ ਲੋਕਾਂ ਨੂੰ ਅਸਲ ਵਿਚ ਪਤਾ ਵੀ ਨਹੀਂ ਹੈ ਕਿ ਪਿਆਸ ਹੁੰਦੀ ਕੀ ਹੈ,[29] ਪਰ ਉਹ ਜਾਣ ਦੇ ਹਨ ਕਿ ਪਿਆਸ ਕਿਸ ਨੂੰ ਆਖਦੇ ਹਨ। ਉਹ ਸਲਾਨਾ ਮੌਕੇ ਤੋਂ ਹੁਣੇ ਹੁਣੇ ਹੀ ਉੱਤਰੇ ਸਨ। ਹਰ ਸਾਲ ਮਈ ਦੇ ਸ਼ੁਰੂ ਤੋਂ ਇਵੇਂ ਲੱਗਦਾ ਸੀ ਜਿਵੇਂ ਮੀਂਹ ਕਦੇ ਪਿਆ ਹੀ ਨਾ ਹੋਵੇ। ਇੱਥੇ ਮਈ, ਜੂਨ ਜੁਲਾਈ ਅਗਸਤ, ਸਤੰਬਰ ਅਤੇ ਅਕਤੂਬਰ ਦੇ ਸ਼ੁਰੂ ਤਕ ਵਰਖਾ ਨਹੀਂ ਹੁੰਦੀ ਸੀ। ਯਰੂਸ਼ਲਮ ਦੇ ਪੂਰਬ ਦੀ ਤਪਤੀ ਪਹਾੜੀਆਂ

ਇਵੇਂ ਲੱਗਦੀਆਂ ਸਨ ਜਿਵੇਂ ਉਹ ਬੰਜਰ ਹੋਵੇ।[30] ਅਰਬੀ ਰੇਗਿਸਤਾਨ ਦੀ ਸੜਦੇ ਪੂਰੇ ਨਾਲ ਧੂੜ ਸਰੀਰ ਦੇ ਭਾਗ ਨੂੰ ਢੱਕ ਲੈਂਦੀ ਸੀ। ਉਸ ਇਲਾਕੇ ਵਿਚ ਰਹਿਣ ਵਾਲੇ ਲੋਕ ਜਾਣਦੇ ਸਨ ਕਿ ਜਦ ਜ਼ਬੂਰ ਲਿਖਣ ਵਾਲੇ ਨੇ ਜ਼ਿੰਦਗੀ ਤਾਲੂ ਨਾਲ ਚੰਬੜ ਜਾਣ ਦੀ ਗੱਲ ਕੀਤੀ ਤਾਂ ਉਸ ਦੇ ਆਖਣ ਦਾ ਕੀ ਅਰਥ ਸੀ (ਜ਼ਬੂਰ 137:6)। ਉਹ ''ਇਕ ਕਟੋਰਾ ਠੰਢੇ ਪਾਣੀ'' ਲਈ ਤਰਸਣ ਦਾ ਮਤਲਬ ਜਾਣਦੇ ਸਨ (ਮੱਤੀ 10:42)।

ਇਕ ਉੱਚੀ ਰੂਹਾਨੀ *ਜ਼ਰੂਰਤ* ਦੀ ਵੱਲ ਧਿਆਨ ਦੁਆਉਣ ਲਈ ਮਸੀਹ ਮੂਲ ਸਰੀਰਿਕ ਲੋੜਾਂ ਦੀ ਵਰਤੋਂ ਕਰ ਰਿਹਾ ਸੀ। ਪਹਾੜੀ ਉਪਦੇਸ਼ ਵਿਚ, ਉਸ ਨੇ ''ਧਰਮੀ ਦੇ'' ਭੁੱਖੇ ਅਤੇ ਪਿਆਸੇ ਹੋਣ ਦੀ ਗੱਲ (ਮੱਤੀ 5:6)।[31] ਖ਼ੁਦਾ ਲਈ ਪਿਆਸ ਹਰ ਮਨ ਵਿਚ ਹੈ, ਪਰ ਲੋਕਾਂ ਨੇ ਇਸ ਰੂਹਾਨੀ ਲਾਲਸਾ ਨੂੰ ਸ਼ਕਤੀ, ਜਾਇਦਾਦ ਭੋਗ ਵਿਲਾਸ ਅਤੇ ਮਸ਼ਹੂਰੀ ਨਾਲ ਪੂਰੀ ਕਰਨ ਦੀ ਕੋਸਿਸ਼ ਕੀਤੀ ਹੈ।[32] ਪਰ ਅਖ਼ੀਰ ਵਿਚ ਆਤਮਾ ਦੀ ਪਿਆਸ ਉਵੇਂ ਹੀ ਬੁੱਝ ਸਕਦੀ ਹੈ, ਜਿਵੇਂ ਲੂਣ ਵਾਲੇ ਪਾਣੀ ਵਾਲੀ ਸਰੀਰਿਕ ਪਿਆਸ।[33] ਆਤਮਾ ਨੂੰ ਸਿਰਫ਼ ਪ੍ਰਭੂ ਹੀ ਤ੍ਰਿਪਤ ਕਰ ਸਕਦਾ ਹੈ। ਉਸ ਲਈ ਪਹਿਲੀ ਸ਼ਰਤ ਇਹ ਮੰਨਣਾ ਹੈ ਕਿ ਉਸ ਦੇ ਬਿਨਾਂ, ਸਾਡੇ ਅੰਦਰ ਕਦੇ ਨਾ ਮਿੱਟਣ ਵਾਲੀ ਪਿਆਸ ਹੈ।

(2) ਸਾਡੇ ਲਈ ਇਹ ਮੰਨਣਾ ਜ਼ਰੂਰੀ ਹੈ ਕਿ ਸਿਰਫ਼ ਮਸੀਹ ਹੀ ਉਸ ਪਿਆਸ ਨੂੰ ਬੁੱਝਾ ਸਕਦਾ ਹੈ। ਇਹ ਆਖਣਾ ਹੀ ਕਾਫ਼ੀ ਨਹੀਂ ਹੈ ਕਿ ''ਮੈਂ ਪਿਆਸਾ ਹਾਂ'' ਤਾਜ਼ਗੀ ਦੇ ਸਰੋਤ ਦੇ ਤੌਰ ਤੇ ਯਿਸੂ ਨੂੰ ਮੰਨਣਾ ਵੀ ਜ਼ਰੂਰੀ ਹੈ। ਪ੍ਰਭੂ ਨੇ ਆਖਿਆ, ''ਜੇ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ। ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ... ਉਹ ਦੇ ਅੰਦਰੋਂ ਵੱਗਣਗੀਆਂ'' (ਯੂਹੰਨਾ 7:37, 38)।

ਆਇਤ 38 ਵਿਚ ਮਸੀਹ ਨੇ ਉਸ ਵਿਚ ਵਿਸ਼ਵਾਸ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਹੈ। ਸੰਦਰਭ ਵਿਚ, ਇਸ ਦਾ ਮਤਲਬ ਯਹੂਦੀਆਂ ਵਲੋਂ ਉਸ ਨੂੰ ਮਸੀਹ ਦੇ ਤੌਰ ਤੇ ਕਬੂਲ ਕਰਨਾ ਸੀ। ਅਗਲੇ ਅਧਿਆਇ ਵਿਚ ਉਸ ਨੇ ਆਖਿਆ ''ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ *[ਵਾਅਦਾ ਕੀਤਾ ਹੋਇਆ ਮਸੀਹ]* ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ'' (ਯੂਹੰਨਾ 8:24)। ਇਸ ਦਾ ਮਤਲਬ ਇਹ ਨਹੀਂ ਕਿ ਬਚਾਇਆ ਜਾਣਾ ''ਨਿਰੇ ਵਿਸ਼ਵਾਸ'' ਨਾਲ ਹੁੰਦਾ ਹੈ (ਵੇਖੋ ਯਾਕੂਬ 2:24; KJV) ।[34] ਇਹ ਆਖਣ ਦਾ ਮਤਲਬ ਇਹ ਹੈ ਕਿ ਸਾਡੇ ਵਿਸ਼ਵਾਸ ਦਾ ਕੇਂਦਰ ਯਿਸੂ ਹੀ ਹੋਣਾ ਜ਼ਰੂਰੀ ਹੈ।

(3) ਸਾਡੇ ਲਈ ਆਪਣੇ ਵਿਸ਼ਵਾਸ ਤੇ ਅਮਲ ਕਰਨਾ ਜ਼ਰੂਰੀ ਹੈ। ਐੱਨਾ ਆਖਣਾ ਹੀ ਕਾਫ਼ੀ ਨਹੀਂ ਹੈ ਕਿ ਅਸੀਂ ਪਿਆਸੇ ਹਾਂ; ਇਹ ਸਮਝਣਾ ਵੀ ਕਾਫ਼ੀ ਨਹੀਂ ਹੈ ਕਿ ਮਸੀਹ ਹੀ ਹੈ, ਜੋ ਉਸ ਪਿਆਸ ਨੂੰ ਬੁੱਝਾ ਸਕਦਾ ਹੈ; ਸਾਡੇ ਲਈ ਪ੍ਰਭੂ ਰਾਹੀਂ ਕੀਤੇ ਗਏ ਉਪਾਅ ਦਾ ਫ਼ਇਦਾ ਲੈਣ ਲਈ ਕੁਝ ਕਰਨਾ ਜ਼ਰੂਰੀ ਹੈ। ਬਾਈਬਲ ਦਾ ਸਾਡਾ ਪਾਠ ''ਆਏ'' ਅਤੇ ''ਪੀਏ'' ਵਰਗੇ ਸ਼ਬਦਾਂ ਨਾਲ ਸਾਫ਼ ਹੋ ਜਾਂਦਾ ਹੈ। ਮਸੀਹ ਦੇ ਕੋਲ ਆਉਣ ਦਾ ਮਤਲਬ ਉਸ ਨੂੰ ਪ੍ਰਭੂ ਦੇ ਤੌਰ ਤੇ ਕਬੂਲ ਕਰਨਾ ਅਤੇ ਆਪਣੇ ਆਪ ਨੂੰ ਉਸ ਦੀ ਇੱਛਾ ਦੇ ਸਾਮਹਣੇ ਝੁਕਾਉਣਾ ਹੈ। ਪੀਣ ਦਾ ਮਤਲਬ ਉਸ ਦੀਆਂ ਬਰਕਤਾਂ ਵਿਚ ਭਾਗ ਲੈਣਾ ਅਤੇ ਉਨ੍ਹਾਂ ਨੂੰ ਆਪਣੀ ਹੋਂਦ ਦਾ ਭਾਗ ਬਣਾਉਣਾ ਹੈ।[35] ਜਦ ਅਸੀਂ ਯਿਸੂ ਉੱਤੇ ਵਿਸ਼ਵਾਸ ਕਰ ਕੇ ਉਸ ਦੀ ਮਰਜ਼ੀ ਨੂੰ ਪੂਰਾ ਕਰਦੇ ਹਾਂ, ਤਾਂ ਅਸੀਂ ਉਸ ਦਾ ਭਾਗ ਬਣ ਜਾਂਦੇ ਹਾਂ ਅਤੇ ਉਹ ਸਾਡਾ ਭਾਗ ਬਣ ਜਾਂਦਾ ਹੈ। ਗਲਾਤੀਆਂ ਦੇ ਮਸੀਹੀ ਲੋਕਾਂ ਨੂੰ ਪੌਲੁਸ ਨੇ ਲਿਖਿਆ ਸੀ, ''ਕਿਉਂ ਜੋ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਖ਼ੁਦਾ ਦੇ ਪੁੱਤਰ ਹੋ, ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ *ਮਸੀਹ ਨੂੰ ਪਹਿਨ ਲਿਆ''* (ਗਲਾਤੀਆਂ 3:26, 27)।

ਇਕ ਵਗਦੇ ਠੰਡੇ ਨਿਰਮਲ ਪਾਣੀ ਵਾਲੇ ਇਕ ਵੱਡੇ ਦਰਿਆ ਦੀ ਕਲਪਨਾ ਕਰੋ। ਫਿਰ ਇਸ ਦਰਿਆ ਦੇ ਕੰਢੇ ਕੰਢੇ ਸਾਫ਼ ਕੀਤੇ ਗਏ ਮਨੁੱਖਾਂ ਅਤੇ ਪਸ਼ੂਆਂ ਦੇ ਕੰਕਾਲਾਂ ਦੇ ਢੇਰ ਦੀ ਕਲਪਨਾ ਕਰੋ, ਜੋ ਇਸ ਜ਼ਿੰਦਗੀ ਦੇਣ ਵਾਲੇ ਝਰਨੇ ਤੋਂ ਕੁਝ ਦੂਰ ਅਤੇ ਪਿਆਸੇ ਮਰ ਗਏ ਸਨ। ਅਜਿਹੇ ਦੁਖਾਂਤ ਨੂੰ ਭੌਤਿਕ ਸੰਸਾਰ ਵਿਚ ਸਮਝਣਾ ਮੁਸ਼ਕਿਲ ਹੋਵੇਗਾ, ਪਰ ਰੂਹਾਨੀ ਖੇਤਰ ਵਿਚ ਇਹ ਗੱਲ ਬਹੁਤ ਆਮ ਹੈ।

ਹਜ਼ਾਰਾਂ, ਬਲਕਿ ਲੱਖਾਂ ਕਰੋੜਾਂ ਲੋਕ ਰੂਹਾਨੀ ਜਲ ਦੀ ਕਮੀ ਨਾਲ ਮਰ ਗਏ ਹਨ, ਜਦ ਕਿ ਯਿਸੂ ਭਾਵ ਜ਼ਿੰਦਗੀ ਦੇ ਜਲ ਦਾ ਸੋਮਾ ਉਨ੍ਹਾਂ ਦੇ ਕੋਲ ਹੀ ਸੀ। ਦਿੱਕਤ ਇਹ ਸੀ ਕਿ ਉਨ੍ਹਾਂ ਨੂੰ ਆਪਣੀਆਂ ਰੂਹਾਨੀ ਲੋੜਾਂ ਦਾ ਧਿਆਨ ਹੀ ਨਹੀਂ ਆਇਆ। ਉਨ੍ਹਾਂ ਨੇ ਉਸ ਉੱਤੇ ਭਰੋਸਾ ਕਰਕੇ ਆਪਣੀਆਂ ਜ਼ਿੰਦਗੀਆਂ ਨੂੰ ਉਸ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਉਹ ਉਸ ਪਾਣੀ ਨੂੰ ਪੀ ਕੇ ਤਾਜ਼ਗੀ ਪਾਉਂਦੇ।

## ਸਾਰ

ਤੁਹਾਡਾ ਕੀ ਹਾਲ ਹੈ? ਕੀ ਤੁਹਾਨੂੰ ਆਪਣੀ ਰੂਹਾਨੀ ਪਿਆਸ ਦਾ ਪਤਾ ਹੈ? ਤਾਂ ਫਿਰ ਅੱਜ ਹੀ ਮਸੀਹ ਦੇ ਕੋਲ ਆਉਣ ਦੇ ਫੈਸਲੇ ਤੋਂ ਇਨਕਾਰ ਨਾ ਕਰੋ। ਤੁਹਾਨੂੰ ਪਾਪਾਂ ਦੀ ਮਾਫ਼ੀ ਦੀ ਲੋੜ ਹੈ? ਉਸ ਦੇ ਕੋਲ ਆ ਕੇ ਪੀਓ। ਤੁਹਾਨੂੰ ਰੂਹਾਨੀ ਨਵੇਪਨ ਦੀ ਲੋੜ ਹੈ? ਉਸ ਦੇ ਕੋਲ ਆ ਕੇ ਪੀਓ। ਤੁਹਾਨੂੰ ਜ਼ਿੰਦਗੀ ਵਿਚ ਦਿਸ਼ਾ ਅਤੇ ਮਕਸੱਦ ਚਾਹੀਦਾ ਹੈ? ਉਸ ਦੇ ਕੋਲ ਆ ਕੇ ਪੀਓ।

ਮੈਂ ਇਨ੍ਹਾਂ ਆਇਤਾਂ ਤੇ ਅਧਾਰਿਤ ਬੱਚਿਆਂ ਦੀ ਇਕ ਕਹਾਣੀ ਨੂੰ ਇਸ ਨਾਲ ਜੋੜਦਾ ਹਾਂ ਅਤੇ ਤੁਸੀਂ ਆਪਣੀਆਂ ਲੋੜਾਂ ਤੇ ਵਿਚਾਰ ਕਰੋ। ਇਹ ਕਹਾਣੀ ਸੀ. ਐੱਸ. ਲੁਈਸ ਦੀ *ਦ ਸਿਲਵਰ ਚੇਅਰ,* ਬੁਕ 6 ਵਿਚ ਉਸ ਦੇ ਕਰੌਨੀਕਲਜ਼ ਆਫ਼ ਨਾਰਨੀਆ ਵਿਚ ਮਿਲਦੀ ਹੈ।[36]

ਜਿਲ ਨਾਮਕ ਇਕ ਛੋਟੀ ਕੁੜੀ ਨੇ ਆਪਣੇ ਆਪ ਨੂੰ ਇਕ ਉਜਾੜ ਵਿਚ ਇਕੱਲਿਆਂ ਪਾਇਆ। ਚੱਲਦੇ ਚੱਲਦੇ ਉਸ ਨੂੰ ਇਕ ਸ਼ੇਰ ਮਿਲ ਜਾਂਦਾ ਹੈ। ਉਸ ਨੇ ਉਹੀ ਕੀਤਾ ਜੋ ਸਾਡੇ ਵਿੱਚੋਂ ਵਧੇਰੇ ਲੋਕ ਆਖਦੇ ਸਨ; ਉਹ ਪਿਛਾਂਹ ਨੂੰ ਭੱਜਣ ਲੱਗੀ। ਉਹ ਭੱਜਦੀ ਰਹੀ, ਭੱਜਦੀ ਰਹੀ, ਅਤੇ ਅਖ਼ੀਰ ਥੱਕ ਕੇ ਚੂਰ ਹੋ ਗਈ ਅਤੇ ਉਸ ਨੂੰ ਬਹੁਤ ਪਿਆਸ ਲੱਗ ਗਈ। ਉਸ ਨੂੰ ਐਨੀ ਪਿਆਸ ਲੱਗ ਗਈ ਸੀ ਕਿ ਉਸ ਨੂੰ ਧਿਆਨ ਹੀ ਨਹੀਂ ਰਿਹਾ ਕਿ ਪਾਣੀ ਪੀਣ ਤੋਂ ਪਹਿਲਾਂ ਵੇਖ ਲਵੇ ਕਿ ਸ਼ੇਰ ਉਸ ਨੂੰ ਖਾ ਜਾਵੇਗਾ। ਉਹ ਪਾਣੀ ਦੇ ਇਕ ਝਰਨੇ ਦੇ ਕੋਲ ਆਈ, ਪਰ ਜਿੱਥੇ ਸੀ ਉੱਥੇ ਹੀ ਜੰਮ ਗਈ; ਉਸ ਦੇ ਸਾਹਣੇ ਝਰਨੇ ਤੇ ਸ਼ੇਰ ਸੀ। ਸ਼ੇਰ ਨੇ ਜਿਲ ਨਾਲ ਗੱਲ ਕੀਤੀ ਅਤੇ ਆਖਿਆ, ''ਜੇ ਤੂੰ ਪਿਆਸੀ ਹੈਂ, ਤਾਂ ਤੂੰ ਪੀ ਸਕਦੀ ਹੈ।'' ਉਹ ਉੱਥੇ ਹੀ ਰਹੀ ਜਿੱਥੇ ਉਹ ਸੀ।

> ''ਕੀ ਤੈਨੂੰ ਪਿਆਸ ਨਹੀਂ ਲੱਗੀ?'' ਸ਼ੇਰ ਨੇ ਆਖਿਆ।
>
> ''ਮੈਂ ਪਿਆਸ ਨਾਲ *ਮਰ ਰਹੀ* ਹਾਂ,'' ਜਿਲ ਨੇ ਆਖਿਆ।
>
> ''ਤਾਂ ਫਿਰ ਪੀ ਲੈ,'' ਸ਼ੇਰ ਨੇ ਆਖਿਆ ...।
>
> ''ਵਾਅਦਾ ਕਰੋ ਕਿ ਜੇ ਮੈਂ ਅੱਗੇ ਆਵਾਂ ਤਾਂ ਤੁਸੀਂ ਮੈਨੂੰ ਕੁਝ ਨਹੀਂ ਕਰੋਗੇ?'' ਜਿਲ ਨੇ ਆਖਿਆ।
>
> ''ਮੈਂ ਕੋਈ ਵਾਅਦਾ ਨਹੀਂ ਕਰਦਾ,'' ਸ਼ੇਰ ਨੇ ਆਖਿਆ।
>
> ਜਿਲ ਦਾ ਗਲਾ ਐੱਨਾ ਖੁਸ਼ਕ ਹੋ ਰਿਹਾ ਸੀ ਕਿ ਬਿਨਾਂ ਇਹ ਧਿਆਨ ਦਿੱਤੇ ਉਹ ਇਕ ਪੈਰ ਅੱਗੇ ਵੱਧ ਗਈ।
>
> ''*ਕੀ* ਤੁਸੀਂ ਕੁੜੀਆਂ ਨੂੰ ਖਾ ਜਾਂਦੇ ਹੋ?'' ਉਸ ਨੇ ਆਖਿਆ।
>
> ''ਮੈਂ ਕੁੜੀਆਂ ਅਤੇ ਮੁੰਡਿਆਂ, ਔਰਤਾਂ ਅਤੇ ਆਦਮੀਆਂ, ਰਾਜਿਆਂ ਅਤੇ ਬਾਦਸ਼ਾਹਾਂ, ਪਿੰਡਾਂ ਅਤੇ ਸਮਾਜਾਂ ਨੂੰ ਖਾ ਜਾਂਦਾ ਹਾਂ,'' ਸ਼ੇਰ ਨੇ ਆਖਿਆ। ਉਸ ਨੇ ਇਹ ਗੱਲ ਨਾ ਤਾਂ ਸ਼ੇਖੀ ਮਾਰਨ ਲਈ, ਨਾ ਮਾਫ਼ੀ ਮੰਗਣ ਲਈ, ਅਤੇ ਨਾ ਹੀ ਕ੍ਰੋਧ ਜਤਾਉਣ ਲਈ ਆਖੀ ਸੀ। ਬਸ ਆਖਣਾ ਸੀ ਅਤੇ ਉਸਨੇ ਆਖ ਦਿੱਤਾ।
>
> ''ਮੈਂ ਅੱਗੇ ਵਧ ਕੇ ਪਾਣੀ ਨਹੀਂ ਪੀ ਸਕਦੀ,'' ਜਿਲ ਨੇ ਆਖਿਆ।
>
> ''ਤਾਂ ਫਿਰ ਜਾ ਮਰ ਪਿਆਸੀ,'' ਸ਼ੇਰ ਨੇ ਆਖਿਆ।
>
> ''ਹੇ ਪਿਆਰੇ!'' ਜਿਲ ਨੇ ਇਕ ਕਦਮ ਅੱਗੇ ਵਧਾਉਂਦਿਆਂ ਆਖਿਆ।
>
> ''ਮੇਰੇ ਖਿਆਲ ਨਾਲ ਮੈਨੂੰ ਕੋਈ ਹੋਰ ਚਸ਼ਮਾ ਲੱਭਣਾ ਚਾਹੀਦਾ ਹੈ।''
>
> ''ਹੋਰ ਕੋਈ ਚਸ਼ਮਾ ਨਹੀਂ ਹੈ,'' ਸ਼ੇਰ ਨੇ ਆਖਿਆ।[37]

ਦਿਲ ਵਾਂਗ ਸਾਡੇ ਵਿੱਚੋਂ ਕਈ ਲੋਕ ਜ਼ਿੰਦਗੀ ਵਿਚ ਭੱਜ ਰਹੇ ਹਨ, ਅਲ੍ਹੜਪੁਣੇ ਤੋਂ ਜਵਾਨੀ, ਜਵਾਨੀ ਤੋਂ ਬਾਲਗਪੁਣੇ ਵਿਚ, ਅਤੇ ਬਾਲਗਪੁਣੇ ਤੋਂ ਮਸਰੂਫ਼ ਉਮਰ ਦੇ ਸਾਲਾਂ ਵਿਚ, ਆਪਣੇ ਮਸਰੂਫ਼ ਸਾਲਾਂ ਤੋਂ ਬੁਢਾਪੇ ਵਿਚ[38] ਜਿੰਨਾਂ ਅਸੀਂ ਚੱਲ ਚੁੱਕੇ ਹਾਂ, ਉੱਨੀ ਹੀ ਪਿਆਸ ਵਧੀ ਹੈ। ਇਸ ਪਾਠ ਵਿਚ ਸਾਡਾ ਸਾਮਹਣਾ ''ਬੱਬਰ ਸ਼ੇਰ ਜਿਹੜਾ ਯਹੂਦਾਹ ਦੇ ਗੋਤ'' ਵਿੱਚੋਂ ਹੋਇਆ ਹੈ (ਪ੍ਰਕਾਸ਼ ਦੀ ਪੋਥੀ 5:5) ਹੁੰਦਾ ਹੈ। ਉਹ ਸਾਨੂੰ ਭੱਜਣਾ ਬੰਦ ਕਰਨ ਦੀ ਬੇਨਤੀ ਕਰ ਰਿਹਾ ਹੈ। ਉਹ ਸਾਨੂੰ ਉਹ ਦੱਸ ਰਿਹਾ ਹੈ ਕਿ ਉਸ ਤੋਂ ਅੱਡ ਹੋ ਕੇ ਅਸੀਂ ਆਪਣੀ ਰੂਹਾਨੀ ਪਿਆਸ ਕਦੇ ਬੁਝਾ ਨਹੀਂ ਸਕਦੇ। ਕੀ ਤੁਸੀਂ ਆਖਦੇ ਹੋ, ''ਮੈਂ ਕੋਈ ਹੋਰ ਝਰਨਾ ਲੱਭ ਲਵਾਂਗਾ?'' ਕੋਈ ਹੋਰ ਝਰਨਾ ਨਹੀਂ ਹੈ। ਕੀ ਤੁਸੀਂ ਆਖਦੇ ਹੋ, ''ਮੈਨੂੰ ਲੱਗਦਾ ਹੈ ਕਿ ਮੈਂ ਮਰ ਜਾਵਾਂਗਾ''? ਜੇ ਤੁਸੀਂ ਉਸ ਦੇ ਕੋਲ ਨਹੀਂ ਆਉਂਦੇ ਤਾਂ ਜ਼ਰੂਰ ਮਰ ਜਾਓਗੇ। ਜੇ ਤੁਸੀਂ ਦੌੜ ਕੇ ਥੱਕ ਗਏ ਹੋ ਜਾਂ ਪਿਆਸ ਨਾਲ ਪਰੇਸ਼ਾਨ ਹੋ, ਤਾਂ ਤੁਸੀਂ ਵੀ ਉਸ ਦੇ ਕੋਲ ਆਓ (ਮਰਕੁਸ 16:15, 16; ਰਸੂਲਾਂ ਦੇ ਕੰਮ 2:36–38; ਗਲਾਤੀਆਂ 3:26, 27)।[39]

---

ਟਿੱਪਣੀਆਂ

[1]ਮਈ 1987 ਵਿਚ ਲੱਕ ਦੇ ਆਪਰੇਸ਼ਨ ਦੇ ਬਆਦ ਜਦ ਮੈਂ ਅਰਾਮ ਕਰ ਰਿਹਾ ਸਾਂ, ਫ਼ੋਰਟ ਵਰਥ, ਟੈਕਸਸ ਵਿਚ ਬ੍ਰਾਊਨ ਟ੍ਰੇਲ ਚਰਚ ਆਫ਼ ਕ੍ਰਾਈਸਟ ਵਿਚ ਮੇਰੀ ਥਾਂ ਰਸਟੀ ਪੀਟਰਮੈਨ ਨੇ ਕੰਮ ਕੀਤਾ ਅਤੇ ''ਜ਼ਿੰਦਗੀ ਦਾ ਪਾਣੀ'' ਤੇ ਵਚਨ ਸੁਣਾਇਆ। ਇਸ ਸਰਮਨ ਲਈ ਕਈ ਦੂਜੇ ਵਸੀਲਿਆਂ ਤੋਂ ਲਿਆ ਗਿਆ ਪਰ ਬਹੁਤਾ ਇਹ ਪੀਟਰਮੈਨ ਦੇ ਸੰਦੇਸ਼ ਤੇ ਹੀ ਅਧਾਰਿਤ ਹੈ। ਜਿੱਥੇ ਕਿਤੇ ਟਿੱਪਣੀ ਵਿਚ ਨਹੀਂ ਦਿੱਤਾ ਗਿਆ, ਉੱਥੇ ਇਸੇ ਸਰਮਨ ਤੋਂ ਉਦਾਹਰਣ ਦਿੱਤੀ ਗਈ ਹੈ। [2]ਇਹ ਫ਼ਾਸਲਾ 8,848 ਮੀਟਰ ਹੈ। [3]ਨਿਊਜ਼ੀਲੈਂਡ ਦੇ ਸਰ ਐਡਮੰਡ ਹਿਲੇਰੀ, ਉਸ ਦਲ ਦੇ ਮਸ਼ਹੂਰ ਖੋਜੀ ਮੰਨੇ ਜਾਂਦੇ ਹਨ। [4]ਪਹਿਲਾਂ, ਆਕਸੀਜਨ ਦੀ ਕਮੀ, ਪਹਾੜੀ ਹਵਾਵਾਂ, ਅਤੇ ਪਹਾੜਾਂ ਦੀ ਬਹੁਤੀ ਠੰਡ ਦਾ ਸਾਮਹਣਾ ਕਰਨ ਲਈ ਖ਼ਾਸ ਔਜ਼ਾਰ ਬਣਾਏ ਗਏ ਹਨ। ਇਹ ਸਭ ਮਹੱਤਵਪੂਰਨ ਅਤੇ ਜ਼ਰੂਰੀ ਸਨ, ਪਰ ਕਾਫ਼ੀ ਪਾਣੀ ਜਮ੍ਹਾ ਕਰਨਾ ਸਾਫ਼ ਤੌਰ ਤੇ ਕਾਮਯਾਬੀ ਲਈ ਆਖਰੀ ਜ਼ਰੂਰੀ ਗੱਲ ਸੀ। [5]ਵਿਵਸਥਾਸਾਰ 16:16 ਵਿਚ ਤਿੰਨ ਪਰਬਾਂ ਦਾ ਜ਼ਿਕਰ ਹੈ। ਦੋ ਹੋਰ ਮੁੱਖ ਪਰਬ ਪਸਾਹ (ਅਖਮੀਰੀ ਰੋਟੀ ਦਾ ਪਰਬ) ਅਤੇ ਪੈਂਟੀਕਾਸਟ (ਅਠਵਾਰਿਆਂ ਦਾ ਪਰਬ) ਸਨ। [6]ਬਚਪਨ ਵਿਚ ਅਸੀਂ ਅਜਿਹੇ ਢਾਂਚਿਆਂ ਨੂੰ ਵੇਖਦੇ ਹੁੰਦੇ ਸਾਂ, ਜਿਨ੍ਹਾਂ ਨੂੰ ''ਤੰਬੂ'' ਆਖਿਆ ਜਾਂਦਾ ਸੀ। [7]ਇਸ ਕਾਰਣ ਇਸ ਨੂੰ ਬਟੋਰਨ ਦੇ ਪਰਬ ਦੇ ਤੌਰ ਤੇ ਵੀ ਜਾਣਿਆ ਜਾਂਦਾ ਸੀ (ਕੂਚ 23:16; 34:22)। [8]ਪਰਬ ਦੀ ਰੀਤ ਵਿਚ ਇਹ ਸ਼ਮਾਦਾਨ ਯਹੂਦੀਆਂ ਨੂੰ ਅੱਗੇ ਦੇ ਉਸ ਖੰਬੇ ਯਾਦ ਕਰਵਾਉਂਦਾ ਸੀ, ਜਿਸ ਨੇ ਉਜਾੜ ਵਿਚ ਉਨ੍ਹਾਂ ਦੇ ਪੁਰਖਿਆਂ ਦੀ ਅਗਵਾਈ ਕੀਤੀ ਸੀ। [9]ਅਰਥ ਦੀ ਤੀਜੀ ਪਰਤ ਦਾ ਜ਼ਿਕਰ ਕੀਤਾ ਜਾ ਸਕਦਾ ਹੈ: ਸੁਲੇਮਾਨ ਦੀ ਹੈਕਲ ਡੇਰਿਆਂ ਦੇ ਪਰਬ ਦੇ ਸਮੇਂ ਸਮਰਪਿਤ ਕੀਤਾ ਗਿਆ ਸੀ (1 ਰਾਜਿਆਂ 8:2)। ਇਸ ਕਾਰਣ ਹੈਕਲ ਤੇ ਪਰਬ ਦੇ ਜਸ਼ਨ ਵਿਚ ਖਾਸ ਕਰਕੇ ਧਿਆਨ ਦਿੱਤਾ ਜਾਂਦਾ ਸੀ ਜਦ ਕਿ ਜ਼ੋਰ ਦੇਣ ਦੀਆਂ ਦੂਜੀਆਂ ਦੋ ਵੱਡੀਆਂ ਗੱਲਾਂ ਦੀ ਤੁਲਨਾ ਵਿਚ ਇਹ ਵਿਸ਼ੇਸ਼ਤਾ ਕੁਝ ਵੀ ਨਹੀਂ ਹੈ। [10]ਚਸ਼ਮੇ ਅਤੇ ਕੁੰਡ ਤੇ ਹੋਰ ਜਾਣਕਾਰੀ ਲਈ, ਇਸ ਕਿਤਾਬ ਵਿਚ ਅੱਗੇ ''ਸ਼ੀਲੋਹ ਦਾ ਕੁੰਡ'' ਅਤੇ ''ਮੈਂ ਅੰਨ੍ਹਾ ਸਾਂ, ਪਰ ਹੁਣ ਵੇਖਦਾ ਹਾਂ'' ਸਰਮਨ ਵੇਖੋ।

[11]*ਮਿਸ਼ਨਾਹ* ਵਿਚ ਸੁਕਾਹ 4.1–5.6 ਵਿਚ ਇਸ ਪਰਬ ਦੀਆਂ ਗਤੀਵਿਧੀਆਂ ਦਾ ਵੇਰਵਾ ਹੈ। [12]ਤੁਹਾਨੂੰ ਚਾਹੀਦਾ ਹੈ ਕਿ ਕੂਚ 17 ਦੀ ਕਹਾਣੀ ਦੀ ਸਮੀਖਿਆ ਕਰੋ। [13]ਆਪਣੇ ਸੁਣਨ ਵਾਲਿਆਂ ਨੂੰ ਉਸ ਬੰਦਗੀ ਦੌਰਾਨ ਜਿਸ ਵਿਚ ਉਹ ਇਕੱਠੇ ਹੁੰਦੇ ਹਨ ਵਰਗੀ ਹੀ ਕਿਸੇ ਰੁਕਵਾਟ ਦੇ ਹੋਣ ਦੀ ਕਲਪਣਾ ਕਰਨ ਲਈ ਆਖੋ। [14]ਯਿਸੂ ਨੇ ਇਹ ਸ਼ਬਦ ਸਮਾਰੋਹ ਦੇ ਵੇਲੇ ਆਖੇ ਜਾਂ ਬਾਅਦ ਵਿਚ, ਦੱਸਿਆ ਨਹੀਂ ਗਿਆ ਹੈ, ਅਤੇ ਇਸ ਦੀ ਐੱਨੀ ਲੋੜ ਵੀ ਨਹੀਂ ਹੈ। ਜੋ ਵੀ ਹੋਵੇ, ਇਹ ਸਮਾਰੋਹ ਭੀੜ ਦੇ ਲੋਕਾਂ ਦੇ ਮਨ ਵਿਚ ਹੁਣੇ ਤਾਜ਼ਾ ਹੋਵੇਗਾ। [15]ਇਸ ਆਇਤ ਨੂੰ ਜਿੱਥੇ ਤੁਸੀਂ ਬੰਦਗੀ ਕਰਦੇ ਹੋ ਲਾਗੂ ਕਰੋ। ਇਹ ਸਪੱਸ਼ਟ ਕਰੋ ਕਿ ਤੁਹਾਡਾ ਇਰਾਦਾ ਬੰਦਗੀ

ਦੌਰਾਨ ਹੋਣ ਵਾਲੀਆਂ ਗੱਲਾਂ ਵੱਲ ਧਿਆਨ ਦੁਆਉਣਾ ਨਹੀਂ ਹੈ। ਬੰਦਗੀ ਉਵੇਂ ਹੀ ਹੋਣੀ ਚਾਹੀਦੀ ਹੈ ਜਿਵੇਂ ਖ਼ੁਦਾ ਨੇ ਦੱਸਿਆ ਹੈ (ਯੂਹੰਨਾ 4:24)। ਪਰ ਜੇ ਕਦੇ ਇਹ ਖੋਖਲੀ ਰੀਤ ਬਣ ਜਾਂਦੀ ਹੈ, ਤਾਂ ਵਿਅਰਥ ਹੈ। [16]ਇਨ੍ਹਾਂ ਅਨੁਵਾਦਾਂ ਵਿਚ NIV, RSV ਅਤੇ NKJV ਸ਼ਾਮਿਲ ਹੈ। [17]ਅਨੁਵਾਦਾਂ ਰਾਹੀਂ ਭਾਵੇਂ ਪਹਿਲਾਂ ਅੰਦਰ ਨੂੰ ਪਹਿਲ ਦਿੱਤੀ ਜਾਂਦੀ ਹੈ, ਰਵਾਇਤ ਵਿਚ ਦੂਜਾ ਚੰਗੀ ਤਰ੍ਹਾਂ ਫਿੱਟ ਬੈਠਦਾ ਹੈ। ਉਦਾਹਰਣ ਲਈ, ਆਇਤ 39 ''ਜਲ'' ਨੂੰ ਪਵਿੱਤਰ ਆਤਮਾ ਦੇ ਤੌਰ ਤੇ ਵਿਖਾਉਂਦੀ ਹੈ, ਜਿਵੇਂ ਯਿਸੂ ਨੇ ਭੇਜਣਾ ਸੀ (ਵੇਖੋ ਯੂਹੰਨਾ 15:26)। [18]ਹਾਰਵਰਡ ਅਮਰੀਕਾ ਦੀ ਇਕ ਮਸ਼ਹੂਰ ਯੂਨੀਵਰਸਿਟੀ ਹੈ। [19]ਪੈਰਾਂ ਨਾਲ ਚਲਾਉਣ ਵਾਲੀ ਚੱਕੀ ਇਕ ਵੱਡੀ ਚੱਲਣ ਵਾਲੀ ਪੇਟੀ ਦੀ ਮਸ਼ੀਨ ਹੈ, ਜਿਸ ਤੇ ਤੁਰਿਆ ਜਾ ਸਕਦਾ ਹੈ। ਪੈਰ ਨਾਲ ਚੱਲਣ ਵਾਲੀਆਂ ਚੱਕੀਆਂ ਦੀ ਵਰਤੋਂ ਸਿਖਲਾਈ, ਮੈਡੀਕਲ ਟੈਸਟ (ਜਿਵੇਂ ਦਿਲ ਦੇ ਟੈਸਟ) ਅਤੇ ਕਸਰਤ ਲਈ ਕੀਤੀ ਜਾਂਦੀ ਹੈ। [20]ਪ੍ਰਭੂ ਹਮੇਸ਼ਾ ਵਗਦੇ ਪਾਣੀ ਦਾ ਚਸ਼ਮਾ ਹੈ (ਯਿਰਮਿਯਾਹ 2:13; 17:13)।

[21]ਨਿਊਯਾਰਕ ਸ਼ਹਿਰ ਦੀ ਅਬਾਦੀ ਸੱਤਰ ਲੱਖ ਨਾਲੋਂ ਵੱਧ ਹੈ ਜਿਸ ਵਿਚ ਮਹਾਨਗਰ ਦੇ ਇਲਾਕੇ ਵਿਚ ਹੀ ਇਕ ਕਰੋੜ ਅੱਸੀ ਨਾਲੋਂ ਵੱਧ ਲੋਕ ਰਹਿੰਦੇ ਹਨ। ਜੇ ਤੁਹਾਡੇ ਸੁਣਨ ਵਾਲੇ ਨਿਊਯਾਰਕ ਸ਼ਹਿਰ ਤੋਂ ਵਾਕਫ਼ ਨਹੀਂ ਹਨ, ਤਾਂ ਉਹ ਹੀ ਥਾਂ ਐਨੇ ਵੱਡੇ ਮਹਾਂਨਗਰ ਬਾਰੇ ਦੱਸ ਕੇ ਉਸ ਦੀ ਲੋੜ ਦੱਸੋ। [22]ਪਹਿਲੇ ਮਸੀਹੀ ਲੇਖਕ ਇਹ ਆਖਦੇ ਹੋਏ ਕਿ ਪਾਣੀ ਦੀ ਇਕ ਬੂੰਦ ਬਰਕਤ ਦੀ ਇਕ ਵੱਡੀ ਨਦੀ ਬਣ ਗਈ, ਸਲੀਬ ਤੇ ਯਿਸੂ ਦੀ ਪੱਸਲੀ ਵਿੱਚੋਂ ਨਿੱਕਲਣ ਵਾਲੇ ਲਹੂ ਅਤੇ ਪਾਣੀ ਦੀ ਗੱਲ ਕਰਨਾ ਪਸੰਦ ਕਰਦੇ ਸਨ (ਯੂਹੰਨਾ 19:34)। [23]ਪਾਣੀ ਦੀ ਰਸਮ ਨਾਲ ਇਹ ਸੁਭਾਵਿਕ ਤੌਰ ਤੇ ਜੁੜਿਆ ਹੋਇਆ ਸੀ, ਕਿਉਂਕਿ ਯਹੂਦੀ ਵਿਚਾਰ ਸੀ ਕਿ ਪਾਣੀ ਵਹਿਣ ਦਾ ਸੰਕੇਤ ਖ਼ੁਦਾ ਦੇ ਆਤਮਾ ਦੇ ਵਹਿਣ ਦੇ ਵਾਅਦੇ ਨੂੰ ਵਿਖਾਉਣਾ ਸੀ। ਇਸ ਤੇ ਹੋਰ ਜਾਣਕਾਰੀ ਲਈ ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਯਰੂਸ਼ਲਮ ਨੂੰ ਜਾਣਾ'' ਵਿਚ ਵੇਖੋ। [24]ਜ਼ਰੂਰ ਹੀ ਯੂਹੰਨਾ ਦੇ ਇਕ ਲਿਖਣ ਵੇਲੇ, ਪੈਂਟੀਕਾਸਟ ਵਾਲੇ ਦਿਨ ਆਤਮਾ ਦਾ ਭੇਜਿਆ ਜਾਣਾ ਅਤੀਤ ਦੀ ਗੱਲ ਹੋ ਚੁਕਾ ਸੀ। [25]ਇਸ ਸਰਮਨ ਦਾ ਮਕਸਦ ਬਪਤਿਸਮਾ ਪਾਉਣ ਵਾਲੇ ਹਰ ਵਿਸ਼ਵਾਸੀ ਨੂੰ ਦਿੱਤੇ ਜਾਣ ਵਾਲੇ ਪਵਿੱਤਰ ਆਤਮਾ ਦੇ ਗੈਰ ਚਮਤਕਾਰੀ ਦਾਨ ਤੇ ਸੰਖੇਪ ਵਿਚ ਜਾਣਨਾ ਨਹੀਂ ਹੈ (ਜਿਸ ਨੂੰ ਪੱਤਰੀਆਂ ਵਿਚ ਆਮ ਤੌਰ ਤੇ ਵਾਸ ਦੇ ਰੂਪ ਵਿਚ ਦੱਸਿਆ ਗਿਆ ਹੈ: ਰੋਮੀਆਂ 8:9, 11; 1 ਕੁਰਿੰਥੀਆਂ 3:16; 2 ਤਿਮੋਥਿਉਸ 1:14; ਯਾਕੂਬ 4:5)। ਲੋੜ ਹੋਵੇ ਤਾਂ ਤੁਸੀਂ ਇਸ ਭਾਗ ਨੂੰ ਵਿਸਤਾਰ ਦੇ ਸਕਦੇ ਹੋ। [26]ਇਹ ਮੰਨਿਆ ਜਾਂਦਾ ਹੈ ਕਿ ਰਸੂਲਾਂ ਦੇ ਕੰਮ 3:19 ਵਿਚ ਪਤਰਸ ਦੀ ਗੱਲ ਦਾ ਭਾਵ ਮੁੱਖ ਤੌਰ ਤੇ ਰਸੂਲਾਂ ਦੇ ਕੰਮ 2:38 ਦੀ ਉਸ ਦੀ ਗੱਲ ਵਾਲਾ ਹੀ ਹੋਵੇਗਾ। ਜੇ ਇਵੇਂ ਹੈ ਤਾਂ ''ਪਵਿੱਤਰ ਆਤਮਾ ਦਾ ਦਾਨ'' ''ਨਵਾਂ ਕਰਨ ਦੇ ਦਿਨ'' ਵਾਂਗ ਹੀ ਹੈ। [27]ਜੇ ਆਇਤ 38 ਵਿਚ ਵਾਕ ''ਉਸ ਦੇ ਮਨ'' ਦੇ ਵਿਸ਼ਵਾਸੀਆਂ ਲਈ ਹੈ (ਜਿਵੇਂ ਕਿ ਵਧੇਰੇ ਅਨੁਵਾਦਕ ਮੰਨਦੇ ਹਨ), ਤਾਂ ਇਹ ਮਸੀਹੀਅਤ ਵਾਅਦਾ ਹੋ ਸਕਦੀ ਹੈ ਕਿ ਅਸੀਂ ਬਰਕਤਾਂ ਨਾਲ ਐਨੇ ਭਰ ਜਾਵਾਂਗੇ ਕਿ ਸਾਡੇ ਵਿੱਚੋਂ ਉਹ ਦੂਜਿਆਂ ਲਈ ਵਹਿੰਦੇ। ਇਸ ਆਇਤ ਵਿਚ ਮਸੀਹ ਦੇ ਮਨ ਵਿਚ ਇਹ ਖ਼ਾਸ ਤੌਰ ਤੇ ਸੀ ਕਿ ਨਹੀਂ, ਪਰ ਇਹ ਧਾਰਨਾ ਸਹੀ ਹੈ। [28]ਯਿਸੂ ਸਮੂਹਿਕ ਸਮਾਰੋਹ ਦੀ ਥਾਂ ਨਿੱਜੀ ਤੌਰ ਤੇ ਕਬੂਲ ਕਰਨ ਲਈ ਪੁਕਾਰ ਰਿਹਾ ਸੀ। [29]ਆਪਣੇ ਅਮਰੀਕੀ ਸਰੋਤਿਆਂ ਲਈ ਲਾਗੂ ਕਰਨ ਲਈ, ਰਸਟੀ ਪੀਟਰਮੈਨ ਨੇ ਆਖਿਆ, ''ਸਾਡੇ ਵਿੱਚੋਂ ਵਧੇਰੇ ਪਿਆਸੇ ਹੋਣ ਦਾ ਮਤਲਬ ਪਾਣੀ ਪੀਣ ਲਈ ਜਾਣ ਲਈ ਟੀ. ਵੀ. ਤੇ ਮਸ਼ਹੂਰੀ ਦੇ ਆਉਣ ਦੀ ਉਡੀਕ ਕਰਨਾ, ਜਾਂ ਵਾਟਰਕੂਲਰ ਤਕ ਜਾਣ ਲਈ ਬੰਦਗੀ ਖ਼ਤਮ ਹੋਣ ਦੀ ਉਡੀਕ ਕਰਨਾ ਹੈ।'' ਹੋ ਸਕਦਾ ਹੈ ਕਿ ਤੁਸੀਂ ਜਿੱਥੇ ਰਹਿਦੇ ਹੋ, ਉੱਥੇ ਲੋਕ ਪਿਆਸ ਦਾ ਮਤਲਬ ਜਾਣਦੇ ਹੋਣ ਜਾਂ ਨਾ; ਲੋੜ ਮੁਤਾਬਿਕ ਪੈਗ਼ਾਮ ਦੇ ਇਸ ਭਾਗ ਦੀ ਵਰਤੋਂ ਕਰੋ। [30]ਮੇਰੇ ਬਹੁਤੇ ਸੁਣਨ ਵਾਲਿਆਂ ਨੇ ਚੰਦਰਮਾ ਦੇ ਬੰਜਰ ਧਰਾਤਲ ਦੀਆਂ ਤਸਵੀਰਾਂ ਵੇਖੀਆਂ ਹਨ। ਜੇ ਤੁਹਾਡੇ ਸੁਣਨ ਵਾਲਿਆਂ ਨੇ ਨਹੀਂ ਵੇਖੀਆਂ ਤਾਂ ਕਿਸੇ ਹੋਰ ਤੁਲਨਾ ਦੀ ਵਰਤੋਂ ਕਰੋ।

[31]ਬਹੁਤੀਆਂ ਆਇਤਾਂ ਦੀ ਪਿਆਸ ਨੂੰ ਰੂਹਾਨੀ ਲੋੜ ਦੀ ਪਛਾਣ ਕਰਵਾਉਣ ਲਈ ਇਕ ਰੂਪਕ ਦੇ ਤੌਰ ਤੇ ਵਰਤੀਆਂ ਗਈਆਂ ਹਨ (ਵੇਖੋ ਜ਼ਬੂਰ 42:1, 2; ਪ੍ਰਕਾਸ਼ ਦੀ ਪੋਥੀ 22:17)। [32]ਇਸ ਆਇਤ ਨੂੰ ਲੈ

ਕੇ ਜਿੱਥੇ ਤੁਸੀਂ ਰਹਿੰਦੇ ਹੋ, ਉਸ ਦੇ ਮੁਤਾਬਿਕ ਬਣਨ ਲਈ ਵਿਸਤਾਰ ਦਿਓ। [33]ਸਮੁੰਦਰ ਵਿਚ ਜਾਣ ਵਾਲਿਆਂ ਨੇ ਨਿਰਾਸ਼ਾ ਵਿਚ ਸਮੁੰਦਰੀ ਪਾਣੀ ਪੀ ਲਿਆ, ਇਹ ਤਾਂ ਬਾਅਦ ਵਿਚ ਪਤਾ ਲੱਗਾ ਕਿ ਉਹ ਪਾਣੀ ਉਨ੍ਹਾਂ ਦੀ ਪਿਆਸ ਬੁਝਾਉਣ ਦੀ ਥਾਂ ਪਿਆਸ ਨੂੰ ਵਧਾਉਣ ਵਾਲਾ ਖਾਰਾ ਪਾਣੀ ਸੀ। ਜੇ ਤੁਹਾਡੇ ਸੁਣਨ ਵਾਲਿਆਂ ਨੂੰ ਇਹ ਰੂਪਕ ਸਮਝ ਨਹੀਂ ਆਉਂਦਾ ਤਾਂ ਤੁਸੀਂ ਯਿਰਮਿਯਾਹ 2:13 ਵਰਤ ਸਕਦੇ ਹੋ। ਪ੍ਰਭੂ ਦੀ ਰੂਹਾਨੀ ਤਾਜ਼ਗੀ ਦੇ ਬਦਲ ਲੱਭਣ ਦੀ ਕੋਸ਼ਿਸ਼ ਕਰਦਿਆਂ, ਲੋਕਾਂ ਨੇ ਟੁੱਟੇ ਭਾਂਡੇ ਬਣਾ ਲਏ ਹਨ, ਜਿਨ੍ਹਾਂ ਵਿਚ ਪਾਣੀ ਨਹੀਂ ਪਵੇਗਾ। [34]ਤੁਸੀਂ ਇਹ ਧਿਆਨ ਦੁਆ ਸਕਦੇ ਹੋ ਕਿ ਛੁਟਕਾਰਾ ਦੁਆਉਣ ਵਾਲਾ ਵਿਸ਼ਵਾਸ ਹੁਕਮ ਮੰਨਣ ਵਾਲਾ ਵਿਸ਼ਵਾਸ ਹੈ (ਰੋਮੀਆਂ 1:5; 16:26; ਗਲਾਤੀਆਂ 5:6; ਯਾਕੂਬ 2:22)। ਵਿਸ਼ਵਾਸ ਨੂੰ ਤੌਬਾ ਅਤੇ ਬਪਤਿਸਮੇ ਨਾਲ ਵਿਖਾਉਣਾ ਜ਼ਰੂਰੀ ਹੈ (ਮਰਕੁਸ 16:15, 16; ਰਸੂਲਾਂ ਦੇ ਕੰਮ 2:38; ਗਲਾਤੀਆਂ 3:26, 27) । [35]*ਮਸੀਹ ਦੀ ਜ਼ਿੰਦਗੀ, 3* ਕਿਤਾਬ ਵਿਚ ''ਪਰਖੇ ਜਾਣ ਦਾ ਸਮਾਂ'' ਪਾਠ ਵਿਚ ਰੂਹਾਨੀ ''ਖਾਣ'' ਅਤੇ ''ਪੀਣ'' ਤੇ ਟਿੱਪਣੀਆਂ ਵੇਖੋ। [36]ਸੀ. ਐੱਸ. ਲੂਈਸ, *ਦ ਸਿਲਵਰ ਚੇਅਰ* (ਨਿਊ ਯਾਰਕ: ਹਾਰਪਰਟ੍ਰੌਫ਼ੀ, ਹਾਰਪਰਕੋਲਿੰਸ, ਪਬਲਿਸ਼ਰਜ਼, 1981), 18–23. ਕਰੌਨੀਕਲਜ਼ ਆਫ਼ ਨਾਰਨੀਆ ਵਿਚ ਬਹੁਤ ਧਾਰਮਿਕ ਇਕਰੂਪਤਾ ਹੈ। ਫ਼ੈਸਲਾ ਤੁਸਾਂ ਲੈਣਾ ਹੈ ਕਿ ਇਹ ਕਹਾਣੀ ਤੁਹਾਡੇ ਸੁਣਨ ਵਾਲਿਆਂ ਲਈ ਸਹੀ ਹੈ ਜਾਂ ਨਹੀਂ। [37]ਉਹੀ 22–23. [38]ਤੁਸੀਂ ਜਿੱਥੇ ਰਹਿੰਦੇ ਹੋ, ਉਥੇ ਜ਼ਿੰਦਗੀ ਦੇ ਇਨ੍ਹਾਂ ਕਾਲਾਂ ਨੂੰ ਮੁੱਖ ਗਤੀਵਿਧੀਆਂ ਦਾ ਸੰਖੇਪ ਵਰਣਨ ਜੋੜ ਸਕਦੇ ਹੋ। [39]ਇਸ ਵਿਚ ਜ਼ੋਰ ਗੈਰ ਮਸੀਹੀ ਲੋਕਾਂ ਤੇ ਹੈ, ਪਰ ਇਨ੍ਹਾਂ ਮਸੀਹੀ ਲੋਕਾਂ ਨੇ ਪ੍ਰਭੂ ਨਾਲ ਆਪਣੇ ਸੰਬਧ ਦੀ ਲਾਪਰਵਾਹੀ ਕੀਤੀ ਹੈ, ਉਨ੍ਹਾਂ ਨੂੰ ਵੀ ਰੂਹਾਨੀ ਪਿਆਸ ਲੱਗੀ ਹੋ ਸਕਦੀ ਹੈ। ਤੁਸੀਂ ਮਸੀਹੀ ਲੋਕਾਂ ਦੀ ਆਪਣੀ ਪਹਿਲੀ ਵਾਲੀ ਪਿਆਸ ਵਿਚ ਮੁੜ ਵਾਪਿਸ ਆਉਣ ਤੇ ਜ਼ੋਰ ਦੇਣ ਦੀ ਗੱਲ ਨੂੰ ਜੋੜ ਸਕਦੇ ਹੋ (ਪ੍ਰਕਾਸ਼ ਦੀ ਪੋਥੀ 2:4; ਰਸੂਲਾਂ ਦੇ ਕੰਮ 8:22; ਯਾਕੂਬ 5:16)।

---

## ਫ਼ਲਿਸਤੀਨ ਦੇ ਸਾਰੇ ਇਲਾਕਿਆਂ ਵਿਚ ਯਿਸੂ ਦੀ ਆਖ਼ਰੀ ਸੇਵਕਾਈ

ਫ਼ਲਿਸਤੀਨ ਦੇ ਬਾਕੀ ਸਭ ਹਿੱਸਿਆਂ ਵਿਚ ਯਿਸੂ ਦੀ ਆਖ਼ਰੀ ਸੇਵਕਾਈ ਲਗਭਗ ਛੇ ਮਹੀਨਿਆਂ ਦੀ ਸੀ, ਡੇਰਿਆਂ ਦੇ ਪਰਬ ਤੋਂ ਲੈ ਕੇ ਯਿਸੂ ਦੇ ਸਲੀਬ ਚੜ੍ਹਾਏ ਜਾਣ ਦੇ ਪਸਾਹ ਤਕ। ਇਨ੍ਹਾਂ ਛਿਆਂ ਮਹੀਨਿਆਂ ਦੌਰਾਨ ਮਸੀਹ ਪੂਰੇ ਫ਼ਲਿਸਤੀਨ ਵਿਚ (ਖ਼ਾਸ ਕਰ ਦੱਖਣੀ ਭਾਗ ਵਿਚ) ਘੁੰਮਿਆ, ਪਰ ਵਿਚ ਵਿਚ ਉਹ ਯਰੂਸ਼ਲਮ ਵੀ ਪਰਤ ਆਉਂਦਾ ਸੀ। ਇਸ ਸਮੇਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ: ਬਾਅਦ ਦੀ ਯਹੂਦੀਆਂ ਵਿਚ ਸੇਵਾ ਅਤੇ ਪਿਰੀਆ ਦੀ ਸੇਵਕਾਈ। ਯੂਹੰਨਾ ਦੱਸਦਾ ਹੈ ਕਿ ਬਾਅਦ ਦੀ ਯਹੂਦੀਆਂ ਦੀ ਸੇਵਕਾਈ ਵਿਚ ਕੀ ਹੋਇਆ, ਜਦ ਕਿ ਲੂਕਾ ਵਿਚ ਸਾਨੂੰ ਪਿਰੀਆ ਦੀ ਸੇਵਕਾਈ ਬਾਰੇ ਪਤਾ ਚੱਲਦਾ ਹੈ।

ਇਸ ਸਮੇਂ ਨੂੰ ਸਮਾਂਬੱਧ ਕਰਨਾ ਅਸਾਨ ਕੰਮ ਨਹੀਂ ਹੈ। ਇਸ ਨੂੰ ਤਰਤੀਬਬੱਧ ਕਰਨ ਦਾ ਇਕ ਢੰਗ ਇਹ ਹੈ ਕਿ ਲੂਕਾ ਤਿੰਨ ਵਾਰ ਯਿਸੂ ਦੇ ਯਰੂਸ਼ਲਮ ਜਾਣ ਦੀ ਗੱਲ ਕਰਦਾ ਹੈ (ਲੂਕਾ 9:51; 13:22; 17:11)। ਯੂਹੰਨਾ ਤਿੰਨ ਪਰਬਾਂ ਬਾਰੇ ਗੱਲ ਕਰਦਾ ਹੈ: ਡੇਰਿਆਂ ਜਾਂ ਤੰਬੂਆਂ ਦਾ ਪਰਬ (ਯੂਹੰਨਾ 7:2), ਜਿਸ ਤੋਂ ਇਹ ਕਾਲ ਸ਼ੁਰੂ ਹੁੰਦਾ ਹੈ (ਯੂਹੰਨਾ 10:22); ਅਤੇ ਅਖ਼ੀਰ ਵਿਚ ਪਸਾਹ ਦਾ ਪਰਬ (ਯੂਹੰਨਾ 12:1)। ਅਸੀਂ ਤਿੰਨ ਪਰਬਾਂ ਨੂੰ ਉਨ੍ਹਾਂ ਤਿੰਨ ਥਾਂਵਾਂ ਵਿਚ ਪਾ ਸਕਦੇ ਹਾਂ, ਜਿੱਥੇ ਲੂਕਾ ਯਰੂਸ਼ਲਮ ਦੇ ਦੌਰਿਆਂ ਦਾ ਜ਼ਿਕਰ ਕਰਦਾ ਹੈ। ਇਸ ਸਮੱਗਰੀ ਨੂੰ ਲੜੀਬੱਧ ਕਰਨ ਦਾ ਇਹ ਸੁਖਾਲਾ ਢੰਗ ਹੈ; ਪਰ ਯਾਦ ਰੱਖੋ ਕਿ ਬਿਲਕੁਲ ਲੜੀ ਬੱਧ ਹੋਣ ਦਾ ਐਨਾ ਮਹੱਤਵ ਨਹੀ ਹੈ। ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਨੇ ਅਪਣੀ ਸਮੱਗਰੀ ਦੇ ਕੈਲੰਡਰ ਅਨੁਸਾਰ ਨਹੀਂ; ਸਗੋਂ ਕਿਸੇ ਉਦੇਸ਼ ਮੁਤਾਬਿਕ ਕੀਤਾ: ਯਿਸੂ ਵਿਚ ਵਿਸ਼ਵਾਸ ਵਿਖਾਉਣ ਲਈ (ਵੇਖੋ ਯੂਹੰਨਾ 20:31)।